# 14

# ਮਨ ਦੇ ਸੁਭਾਅ ਵਿਚ ਨਵਾਂ ਹੋਣਾ

## (4:17-32)

ਅਫ਼ਸੀਆਂ ਨੇ ਜੇ ਆਪਣੇ ਸੱਦੇ ਜਾਣ ਦੇ ਯੋਗ ਚੱਲਣਾ ਸੀ (4:1, 2), ਤਾਂ ਉਨ੍ਹਾਂ ਲਈ ਜ਼ਰੂਰੀ ਸੀ ਕਿ ਉਹ ਇਕ ਹੋ ਜਾਣ (4:3–6, 13–16)। ਇਸ ਤੋਂ ਇਲਾਵਾ ਹਰ ਮਸੀਹੀ ਵਿਚ ਮਨ ਦਾ ਨਵਾਂ ਹੋ ਜਾਣਾ ਜ਼ਰੂਰੀ ਸੀ। 4:17–32 ਵਿਚ ਪੌਲੁਸ ਨੇ ਸਪਸ਼ੱਟ ਹਦਾਇਤਾਂ ਦਿੱਤੀਆਂ ਕਿ ਉਹ ਸਹੀ ਦਿਸ਼ਾ ਵਿਚ ਚੱਲਣ ਲਈ ਕਿਵੇਂ ਮੁੜ ਸਕਦੇ ਸਨ।

### "ਹਨੇਰੇ ਤੋਂ ਚਾਨਣ ਵਿਚ ਮੁੜ ਆਓ" (4:17-19)

**17ਉਪਰੰਤ ਮੈਂ ਇਹ ਆਖਦਾ ਹਾਂ ਅਤੇ ਪ੍ਰਭੂ ਵਿਚ ਗਵਾਹ ਹੋ ਕੇ ਤਗੀਦ ਕਰਦਾ ਹਾਂ ਜੋ ਤੁਸੀਂ ਅਗਾਹਾਂ ਨੂੰ ਅਜਿਹੀ ਚਾਲ ਨਾ ਚੱਲੋ ਜਿਵੇਂ ਪਰਾਈਆਂ ਕੌਮਾਂ ਵੀ ਆਪਣੀ ਬੁੱਧ ਦੇ ਵਿਰਥਾਪੁਣੇ ਨਾਲ ਚੱਲਦੀਆਂ ਹਨ। 18ਉਨ੍ਹਾਂ ਦੀ ਬੁੱਧ ਅਨ੍ਹੇਰੀ ਹੋਈ ਹੋਈ ਹੈ ਅਤੇ ਉਸ ਅਗਿਆਨ ਦੇ ਕਾਰਣ ਜੋ ਉਨ੍ਹਾਂ ਵਿਚ ਹੈ ਅਤੇ ਆਪਣੇ ਮਨ ਦੀ ਕਠੋਰਤਾ ਦੇ ਕਾਰਣ ਓਹ ਪਰਮੇਸ਼ੁਰ ਦੇ ਜੀਵਨ ਤੋਂ ਅੱਡ ਹੋਏ ਹੋਏ ਹਨ। 19ਉਨ੍ਹਾਂ ਨੇ ਸੁੰਨ ਹੋ ਕੇ ਆਪਣੇ ਆਪ ਨੂੰ ਲੁੱਚਪੁਣੇ ਦੇ ਹੱਥ ਸੌਂਪ ਦਿੱਤਾ ਭਈ ਹਰ ਭਾਂਤ ਦੇ ਗੰਦੇ ਮੰਦੇ ਕੰਮ ਚੌਂਪ ਨਾਲ ਕਰਨ।**

**ਆਇਤ 17.** ਸ਼ੁਰੂ ਕਰਦਿਆਂ ਪੌਲੁਸ ਨੇ ਉਸ ਹੁਕਮ ਦੇ ਜਿਸ ਨੂੰ ਉਹ ਦੇਣ ਵਾਲਾ ਸੀ ਮਗਰ ਦੀ ਅਹਿਮੀਅਤ, ਲੋੜ ਅਤੇ ਇਖ਼ਤਿਆਰ ਉੱਤੇ ਜ਼ੋਰ ਦਿੱਤਾ। **ਉਪਰੰਤ ਮੈਂ ਇਹ ਆਖਦਾ ਹਾਂ ਅਤੇ ਪ੍ਰਭੂ ਵਿਚ ਗਵਾਹ ਹੋ ਕੇ ਤਗੀਦ ਕਰਦਾ ਹਾਂ** ਯੋਗ ਚਾਲ ਚੱਲਣ ਦੇ ਸਬੰਧ ਵਿਚ 4:1 ਵਾਲੀ ਤਾੜਨਾ ਦੀ ਗੱਲ ਕਰਦਾ ਹੈ ਅਤੇ ਵਿਖਾਉਂਦਾ ਹੈ ਕਿ ਪੌਲੁਸ ਖ਼ੁਦਾ ਵੱਲੋਂ ਬੋਲਦਾ ਅਤੇ ਲਿਖਦਾ ਸੀ। ਇਕ ਪਲ ਲਈ ਵੀ ਉਹ ਇਹ ਨਹੀਂ ਸੋਚਦਾ ਸੀ ਕਿ ਉਸ ਦੀ ਸਿੱਖਿਆ ਆਪਣੇ ਵਿਚਾਰ ਹਨ; ਉਸ ਦਾ ਮੰਨਣਾ ਸੀ ਕਿ ਖ਼ੁਦਾ ਦੇ ਆਤਮਾ ਦੇ ਰਾਹੀਂ ਉਸ ਉੱਤੇ ਇਹ ਸਿੱਖਿਆਵਾਂ ਪਰਗਟ ਕੀਤੀਆਂ ਗਈਆਂ ਹਨ (1 ਕੁਰਿੰਥੀਆਂ 2:10)। ''ਤਗੀਦ ਕਰਦਾ ਹਾਂ'' ਲਈ ਸ਼ਬਦ (*marturomai*) ਵਿਚ ਗਵਾਹੀ ਦਾ ਵਿਚਾਰ ਹੈ। ਭਾਵ ਪੌਲੁਸ ਇਨ੍ਹਾਂ ਹਦਾਇਤਾਂ ਲਈ ਆਪਣੇ ਗਵਾਹ ਦੇ ਰੂਪ ਵਿਚ ਪ੍ਰਭੂ ਨੂੰ ਬੁਲਾ ਰਿਹਾ ਸੀ। ਉਸ ਨੇ ਐਲਾਨ ਕੀਤਾ ਕਿ ਉਹ ''ਮਾਨਸ ਗਿਆਨ ਦਿਆਂ ਦੱਸਿਆਂ ਹੋਇਆ ਸ਼ਬਦਾਂ ਨਾਲ ਨਹੀਂ ਸਗੋਂ ਆਤਮਾ ਦਿਆਂ ਦੱਸਿਆਂ ਹੋਇਆਂ ਸ਼ਬਦਾਂ ਨਾਲ'' ਬੋਲਦਾ ਸੀ (1 ਕੁਰਿੰਥੀਆਂ 2:13)। ਪੌਲੁਸ ਨੇ ਕਿਹਾ ਕਿ ਰੂਹਾਨੀ ਲੋਕ ਸਮਝ ਲੈਣਗੇ ਕਿ ਉਸ ਦੇ ਲੇਖ ''ਪ੍ਰਭੂ ਦੇ ਹੁਕਮ'' ਹਨ। ਇਕ ਅਰਥ ਵਿਚ ਪੌਲੁਸ ਇਹ ਆਖ ਰਿਹਾ ਸੀ, ''ਜੋ ਮੈਂ ਕਹਿਣ ਵਾਲਾ ਹਾਂ ਉਸ ਨੂੰ ਧਿਆਨ ਨਾਲ ਸੁਣੋ ਕਿਉਂ ਜੋ ਇਹ ਪ੍ਰਭੂ ਦਾ ਹੁਕਮ ਹੈ'' (ਵੇਖੋ 1 ਕੁਰਿੰਥੀਆਂ 14:37)।

ਪੌਲੁਸ ਨੇ ਅਫ਼ਸੀਆਂ ਨੂੰ ਇਹ ਹੁਕਮ ਦਿੱਤਾ: **ਜੋ ਤੁਸੀਂ ਅਗਾਹਾਂ ਨੂੰ ਅਜਿਹੀ ਚਾਲ ਨਾ ਚੱਲੋ ਜਿਵੇਂ ਪਰਾਈਆਂ ਕੌਮਾਂ ਚੱਲਦੀਆਂ ਹਨ।** ''ਚਾਲ'' (*peripateō*) ਉਹੀ ਕਿਰਿਆ ਸ਼ਬਦ ਹੈ ਜਿਸ ਦੀ ਵਰਤੋਂ 2:2 ਅਤੇ 4:1 ਵਿਚ ਹੋਈ ਹੈ। ''ਪਰਾਈਆਂ ਕੌਮਾਂ'' ਅਫ਼ਸੀ ਮਸੀਹੀ ਲੋਕਾਂ ਦੀਆਂ ਜ਼ਿੰਦਗੀਆਂ ਦੇ ਉਲਟ ਦੁਸ਼ਟ ਚਾਲ ਜਾਂ ਜੀਵਨ ਸ਼ੈਲੀ ਵਾਲੇ ਲੋਕਾਂ ਨੂੰ ਕਿਹਾ ਗਿਆ ਹੈ। ਮਸੀਹ ਵਿਚ ਨਿਹਚਾਵਾਨਾਂ ਲਈ ਜੇ ਉਹ ਆਪਣੇ ਸੱਦੇ ਜਾਣ ਦੇ ਯੋਗ ਚਾਲ ਚੱਲਣਾ ਚਾਹੁੰਦੇ ਸਨ ਤਾਂ ਆਪਣੇ ਸਮਾਜ ਤੋਂ ਪੂਰੀ ਤਰ੍ਹਾਂ ਨਾਂਲ ਵੱਖਰੀ ਜੀਵਨ ਸ਼ੈਲੀ ਦੀ ਇੱਛਾ ਕਰਨੀ ਜ਼ਰੂਰੀ ਸੀ। ਜਦ ਗੈਰ ਕੌਮ ਲੋਕ ਮਸੀਹ ਵਿਚ ਆਏ ਤਾਂ ਉਨ੍ਹਾਂ ਲਈ ਆਪਣੀ ਜੀਵਨ ਸ਼ੈਲੀ ਨੂੰ ਬਦਲਣਾ ਜ਼ਰੂਰੀ ਸੀ (ਅਧਿਆਇ 2 ਗੈਰ ਕੌਮਾਂ ਦੇ ਪਹਿਲਾਂ ਵਾਲੇ ਕੰਮਾਂ ਤੋਂ ਮਸੀਹ ਵਿਚ ਆਉਣ ਦੇ ਬਾਅਦ ਉਨ੍ਹਾਂ ਕੋਲ ਉਮੀਦ ਕੀਤੇ ਜਾਣ ਵਾਲੇ ਕੰਮਾਂ ਵਿਚ ਫ਼ਰਕ ਕਰਦਾ ਹੈ)। ਯਹੂਦੀ ਜਾਂ ਗੈਰ ਕੌਮ ਮਸੀਹੀ ਲੋਕਾਂ ਲਈ ਯੋਗ ਚਾਲ ਚੱਲਣ ਲਈ, ਅਜਿਹੀ ਦਲੇਰੀ ਅਤੇ ਤਾੜਨਾਂ ਦਿੱਤੇ ਜਾਂ ਰਹਿਣ ਦੀ ਲੋੜ ਸੀ। ਜਿਵੇਂ ਪੌਲੁਸ ਨੇ ਇਸ ਆਇਤ ਵਿਚ ਦਿੱਤੀ। ਅਫ਼ਸੁਸ ਵਿਚ ਤਿੰਨ ਤਰ੍ਹਾਂ ਦੇ ਲੋਕ ਰਹਿੰਦੇ ਸਨ: ਗੈਰ ਮਸੀਹੀ ਯਹੂਦੀ, ਅਣਬਦਲੇ ਗੈਰ ਕੌਮ ਅਤੇ ਯਹੂਦੀਆਂ ਅਤੇ ਗੈਰ ਕੌਮਾਂ ਦੋਹਾਂ ਵਿੱਚੋਂ ਬਣੇ ਮਸੀਹੀ ਜਿਨ੍ਹਾਂ ਨੂੰ ''ਸਲੀਬ ਦੇ ਰਾਹੀਂ'' ਖ਼ੁਦਾ ਨਾਲ ਮਿਲਾਈ ਗਈ ਮਸੀਹ ਦੀ ''ਇੱਕੋ ਦੇਹ'' ਜਾਂ ''ਇਕ ਨਵਾਂ ਇਨਸਾਨ'' ਦੇ ਰੂਪ ਵਿਚ ਜਾਣਿਆ ਜਾਂਦਾ ਸੀ (2:15, 16)। 1 ਕੁਰਿੰਥੀਆਂ 10:32 ਵਿਚ ਪੌਲੁਸ ਨੇ ''ਯਹੂਦੀਆਂ'' ਅਤੇ ''ਯੂਨਾਨੀਆਂ'' ਅਤੇ ''ਪਰਮੇਸ਼ੁਰ ਦੀ ਕਲੀਸੀਆ'' ਦੀ ਗੱਲ ਕਰਦਿਆਂ ਇਨ੍ਹਾਂ ਤਿੰਨ ਤਰ੍ਹਾਂ ਦੇ ਲੋਕਾਂ ਦੀ ਗੱਲ ਕੀਤੀ।

*[ਪਰਾਈਆਂ ਕੌਮਾਂ ਦੇ]* **ਬੁੱਧ ਦੇ ਵਿਰਥਾਪੁਣੇ** ਵਿਚ ਤਿੰਨ ਵਿਚਾਰ ਸਨ (1) ਪੌਲੁਸ ਆਪਣੇ ਪਾਠਕਾਂ ਦੀਆਂ ਪਹਿਲਾਂ ਦੀਆਂ ਜ਼ਿੰਦਗੀਆਂ ਅਤੇ ਮਸੀਹ ਵਿਚ ਉਨ੍ਹਾਂ ਦੀਆਂ ਨਵੀਂਆਂ ਜ਼ਿੰਦਗੀਆਂ ਵਿਚ ਸਾਫ਼ ਫ਼ਰਕ ਨੂੰ ਵਿਖਾ ਰਿਹਾ ਸੀ। ਭਲਾ ਉਹ ਇਹ ਕਹਿ ਰਿਹਾ ਸੀ ਕਿ ਪਰਾਈਆਂ ਕੌਮਾਂ ਦੀਆਂ ਜ਼ਿੰਦਗੀਆਂ ਵਿਚ ਸਲਾਹੁਣ ਵਾਲੀ ਕੋਈ ਗੱਲ ਨਹੀਂ ਹੈ, ਬਲਕਿ ਉਹ ਮਸੀਹ ਦੇ ਬਗੈਰ ਜ਼ਿੰਦਗੀ ਦੇ ਹਨੇਰੇ ਪੱਖ ਨੂੰ ਸਮਝਾ ਰਿਹਾ ਸੀ। (2) ਪੌਲੁਸ ਇਨ੍ਹਾਂ ਮਸੀਹੀ ਲੋਕਾਂ ਨੂੰ ਉਸ ਨਵੇਂ ਢੰਗ ਦੇ ਮੁਤਾਬਿਕ ਜਿਹੜਾ ਉਨ੍ਹਾਂ ਨੂੰ ਮਸੀਹ ਵਿਚ ਮਿਲਿਆ ਸੀ, ਜੀਣ ਲਈ ਆਖ ਰਿਹਾ ਸੀ। ਉਨ੍ਹਾਂ ਦੀਆਂ ਜੀਵਨ ਸ਼ੈਲੀਆਂ ਵਿਚ ''ਤਦ'' ਅਤੇ ''ਹੁਣ'' ਵਿਚ ਜਿੰਨਾਂ ਫ਼ਰਕ ਹੋਣਾ ਸੀ ਉਨ੍ਹਾਂ ਹੀ ਉਨ੍ਹਾਂ ਦੇ ਸਮਾਜ ਵਿਚ ਉਸ ਦੀ ਸਿੱਖਿਆ ਅਸਰਦਾਇਕ ਹੋਣੀ ਸੀ। (3) ਰਸੂਲ ਨੇ ਪਹਿਲੇ ਵਿਰਾਚ ਦੀ ਪ੍ਰਕ੍ਰਿਆ ਨਾਲ ਸ਼ੁਰੂਆਤ ਕੀਤੀ ਅਤੇ ਫਿਰ ਅਮਲਾਂ ਦੀ ਗੱਲ ਕੀਤੀ ਕਿਉਂ ਜੋ ਆਦਮੀ ਪਹਿਲਾਂ ਵਿਚਾਰ ਕਰਦਾ ਹੈ ਅਤੇ ਫਿਰ ਵਿਚਾਰ ਵਿਹਾਰ ਬਣਦੇ ਹਨ।

''ਵਿਰਥਾ'' (*mataiotēs*) ਉਸ ਨੂੰ ਕਿਹਾ ਗਿਆ ਹੈ ਜੋ ਫ਼ਿਜ਼ੂਲ ਜਾਂ ਬੇਥਵਾ ਹੋਵੇ। ''ਆਪਣੀ ਬੁੱਧ ਦੇ ਵਿਰਥਾਪੁਣੇ'' ਵਿਚ ਮੂਰਖਤਾ ਪੁਣੇ ਦੇ ਕਿਆਫ਼ੇ ਅਤੇ ਮਨ ਦੀ ਭ੍ਰਸ਼ਟਤਾ ਸ਼ਾਮਿਲ ਸੀ (ਵੇਖੋ ਰੋਮੀਆਂ 1:21, 28)। ਗੈਰ ਕੌਮਾਂ ਨੂੰ ਅਜਿਹੀ ਸੋਚ ਵਿਚ ਛੱਡ ਦਿੱਤਾ ਗਿਆ ਸੀ। ਖ਼ੁਦਾ ਨਾਲ ਸਹੀ ਸਬੰਧ ਦੀ ਘਾਟ ਹੋਣ ਕਰਕੇ, ਗੈਰ ਕੌਮ ਸੋਚ ਵਿਚ ਇਕ ਖ਼ਤਰਨਾਕ ਨੁਕਸ ਸੀ। ਇਸ ਨੇ ਹਕੀਕਤ ਨੂੰ ਸਮਝਣਾ ਛੱਡ ਦਿੱਤਾ ਸੀ ਅਤੇ ਮੂਰਖਤਾ ਦਾ ਸ਼ਿਕਾਰ ਹੋ ਗਈ ਹੈ।[1]

**ਆਇਤ 18.** ਗੈਰ ਕੌਮ ਲੋਕਾਂ ਦੇ ਮਨ ਦੀ ਹਾਲਤ ਪੌਲੁਸ ਦੇ ਵੇਰਵੇ ਵਿਚ ਜਾਰੀ ਰਹਿੰਦੀ ਹੈ। **ਉਨ੍ਹਾਂ ਦੀ ਬੁੱਧ ਅਨ੍ਹੇਰੀ ਹੋਈ ਹੋਈ ਹੈ।** ਬੁੱਧ ਦੇ ਵਿਰਥਾਪੁਣੇ ਦੀ ਵਿਆਖਿਆ ਹੈ, ਗੈਰ ਕੌਮਾਂ ਦੀ ਸੋਚ ਦੀ ਮੁਰਖਤਾ ਦੀ ਗੱਲ ਇਸ ਕਰਕੇ ਆਈ ਕਿਉਂ ਜੋ ਉਸ ਚਾਨਣ ਨੂੰ ਜਿਹੜਾ ਖ਼ੁਦਾ ਨੇ ਦਿੱਤਾ ਸੀ ਦਬਾ ਕੇ, ਉਸ ਨੂੰ ਤਿਆਗ ਦਿੱਤਾ ਗਿਆ ਸੀ। ਬੇਪਰਤੀਤੇ ਗੈਰ ਕੌਮਾਂ ਅਤੇ ਮਸੀਹੀ ਲੋਕਾਂ ਵਿਚ ਫ਼ਰਕ ਬਿਲਕੁਲ ਸਾਫ਼ ਸੀ ਕਿ ਵਿਸ਼ਵਾਸੀਆਂ ਨੇ ਖ਼ੁਦਾ ਦੀ ਸਚਿਆਈ ਨੂੰ ਕਬੂਲ ਕਰ ਲਿਆ ਸੀ ਅਤੇ ਉਨ੍ਹਾਂ ਦੇ ''ਮਨ ਦੀਆਂ ਅੱਖਾਂ ਖੁਲ ਗਈਆਂ'' ਸਨ। ਗੈਰ ਕੌਮਾਂ ਨੇ ਸਮਝ ਦੀਆਂ ਅੱਖਾਂ ਜਾਣ ਬੁੱਝ ਕੇ ਬੰਦ

ਕੀਤੀਆਂ ਹੋਈਆਂ ਸਨ, ਇਸ ਕਰਕੇ ਉਨ੍ਹਾਂ ਨੂੰ ਉਸ ਸੱਚਾਈ ਅਤੇ ਰੋਸ਼ਨੀ ਦੇ ਦੇਣ ਵਾਲੇ **ਪਰਮੇਸ਼ੁਰ ਦੇ ਜੀਵਨ ਤੋਂ ਅੱਡ** ਕਰ ਦਿੱਤਾ ਗਿਆ ਸੀ। ਉਹ ਖ਼ੁਦਾ ਤੋਂ ਅੱਡ ਹੋਏ ਹੋਏ ਸਨ ਇਸ ਕਰਕੇ ਉਨ੍ਹਾਂ ਵਿਚ ਕੋਈ ਰੂਹਾਨੀ ਜ਼ਿੰਦਗੀ ਨਹੀਂ ਸੀ। ਉਹ ''ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਣ ਮੁਰਦੇ'' ਸਨ (2:1) ਅਤੇ ਆਪਣੇ ਪਾਪ ਦੀ ਮਜ਼ਦੂਰੀ ਦੇ ਰੂਪ ਵਿਚ ਹਮੇਸ਼ਾ ਮੌਤ ਦੀ ਹੀ ਆਸ ਕਰ ਸਕਦੇ ਸਨ (ਰੋਮੀਆਂ 6:23)। ਰੌਸ਼ਨੀ ਨੂੰ ਉਨ੍ਹਾਂ ਦਾ ਠੁਕਰਾਉਣਾ ਜ਼ਿੰਦਗੀ ਨੂੰ ਠੁਕਰਾਉਣਾ ਸੀ।

ਖ਼ੁਦਾ ਦੀ ਜ਼ਿੰਦਗੀ ਵਿੱਚੋਂ ਗੈਰ ਕੌਮਾਂ ਦਾ ਕੱਢਿਆ ਜਾਣਾ **ਉਸ ਅਗਿਆਨਤਾ ਦੇ ਕਾਰਣ** ਸੀ ਜਿਹੜੀ ਉਨ੍ਹਾਂ ਵਿਚ ਸੀ। ਗਿਆਨ ਦੀ ਉਨ੍ਹਾਂ ਦੀ ਘਾਟ ਆਪਣੇ ਆਪ ਵਿਚ ਜਾਣ ਬੁੱਝ ਕੇ ਸੀ ਕਿਉਂ ਜੋ ਉਨ੍ਹਾਂ ਨੇ ਉਸ ਰੌਸ਼ਨੀ ਨੂੰ ਜਿਹੜੀ ਖ਼ੁਦਾ ਨੇ ਉਨ੍ਹਾਂ ਨੂੰ ਦਿੱਤੀ ਸੀ, ਠੁਕਰਾ ਦਿੱਤਾ ਸੀ (ਵੇਖੋ ਰੋਮੀਆਂ 1:18–23)। ਗੈਰ ਕੌਮ ਲੋਕ **ਆਪਣੇ ਮਨ ਦੀ ਕਠੋਰਤਾ ਦੇ ਕਾਰਣ** ਅਣਜਾਣ ਸਨ। ਉਨ੍ਹਾਂ ਨੇ ਉਸ ਰੌਸ਼ਨੀ ਅਤੇ ਜ਼ਿੰਦਗੀ ਦੇ ਖਿਲਾਫ਼ ਜਿਹੜੀ ਦੇਣ ਦੀ ਖ਼ੁਦਾ ਨੇ ਪੇਸ਼ਕਸ਼ ਕੀਤੀ ਸੀ ਆਪਣੇ ਮਨਾਂ ਨੂੰ ਜਾਣ ਬੁੱਝ ਕੇ ਸਖ਼ਤ ਕੀਤਾ ਅਤੇ ਉਸ ਨੂੰ ਨਾ ਜਾਣਨਾ ਚੁਣਿਆ। ''ਕਠੋਰਤਾ'' (*pōrōsis*) ਦਾ ਅਨੁਵਾਦ ਹੈ ਅਤੇ ਨਵੇਂ ਨੇਮ ਵਿਚ ਇਸ ਦੀ ਵਰਤੋਂ ਅਲੰਕਾਰਿਕ ਰੂਪ ਵਿਚ ''ਸਖ਼ਤਦਿਲੀ ਜਾਂ ਅੰਨੇਪਣ'' ਦੇ ਰੂਪ ਵਿਚ ਕੀਤੀ ਜਾਂਦੀ ਹੈ।[2] ਨਵੇਂ ਨੇਮ ਵਿਚ ਆਇਤ 18 ਅਤੇ ਦੋ ਹੋਰ ਥਾਂਵਾਂ ਤੇ ਵੀ ਮਿਲਦਾ ਹੈ (ਮਰਕੁਸ 3:5; ਰੋਮੀਆਂ 11:25), ਇਸ ਦੀ ਵਰਤੋਂ ''ਦਿਮਾਗੀ ਜਾਂ ਇਖ਼ਲਾਕੀ ਸਖ਼ਤਦਿਲੀ'' ਦੇ ਰੂਪ ਵਿਚ ਹੋਈ ਹੈ।[3] ''ਮਨ'' (*kardia*) ਦਾ ਅਨੁਵਾਦ ਹੈ ਜਿਸ ਦਾ ਅਰਥ ''ਜਿਸਮਾਨੀ, ਰੂਹਾਨੀ'' ਅਤੇ ਦਿਮਾਗ਼ੀ ਜ਼ਿੰਦਗੀ ਦੀ ਥਾਂ ਹੈ।[4] ਜਾਣ ਬੁੱਝ ਕੇ ਆਪਣਾ ਮਨ ਨੂੰ ਸਖ਼ਤ ਕਰਨ ਵਾਲੇ ਆਦਮੀ ਨੂੰ ਖ਼ੁਦਾ ਦੀ ਕੋਈ ਸਮਝ ਨਹੀਂ ਹੈ, ਉਹ ਅਗਿਆਨੀ ਹੈ ਅਤੇ ਰੂਹਾਨੀ ਹਨੇਰੇ ਵਿਚ ਰਹਿੰਦਾ ਹੈ।

**ਆਇਤ 19.** ਰੋਮੀਆਂ 1 ਵਾਂਗ ਇੱਥੇ ਦੱਸੇ ਗਏ ਲੋਕਾਂ ਨੇ ਉਨ੍ਹਾਂ ਨੂੰ ਦਿੱਤੀ ਗਈ ਰੌਸ਼ਨੀ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ; ਉਨ੍ਹਾਂ ਦੇ ਮਨਾਂ ਨੂੰ ਸਖ਼ਤ ਕਰ ਦਿੱਤਾ ਗਿਆ ਸੀ ਜਿਸ ਨਾਲ ਉਹ ਹੋਰ ਵੀ ਦੁਸ਼ਟ ਹੋ ਗਏ ਸਨ। **ਉਨ੍ਹਾਂ** ਪਹਿਲੇ ਦੱਸੇ ਗਏ ਲੋਕਾਂ ਲਈ ਕਿਹਾ ਗਿਆ ਹੈ ਜਿਹੜੇ ਆਪਣੇ ਸਖ਼ਤ ਹੋਣ ਕਰਕੇ ਫਸ ਗਏ ਸਨ। **ਸੁਨ ਹੋ ਕੇ** *apēlgēkotes* ਦਾ ਅਨੁਵਾਦ ਹੈ ਅਤੇ ਇਸ ਦਾ ਅਰਥ ਹੈ ''ਤਕਲੀਫ਼ ਜਾਂ ਦੁੱਖ ਨੂੰ ਮਹਿਸੂਸ ਕਰਨਾ ਬੰਦ ਕਰ ਦੇਣਾ ... *ਬੇਦਿਲ ਹੋਣਾ।*''[5] ਅੰਤਹਕਰਣ ਦੀਆਂ ਪੀੜਾਂ ਦਾ ਅਹਿਸਾਸ ਕਰਨ ਦੀ ਯੋਗਤਾ ਤੋਂ ਬਾਹਰ ਇਨ੍ਹਾਂ ਗੈਰ ਕੌਮ ਨੇ ਆਪਣੇ ਆਪ ਨੂੰ **ਲੁੱਚਪੁਣੇ ਦੇ ਹੱਥ ਸੌਂਪ ਦਿੱਤਾ** ਸੀ। (*paredōkan;* ਭਾਵ ਉਨ੍ਹਾਂ ਨੇ ਅਪਾਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਪਾਪਭਰੀ ਜੀਵਨ ਸ਼ੈਲੀ ਵਿਚ ਦੇ ਦਿੱਤਾ ਸੀ।) ਵਚਨ ਕਹਿੰਦਾ ਹੈ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਹਰ ਭਾਂਤ ਦੇ ਗੰਦੇ ਮੰਦੇ ਕੰਮ ਚੌਂਪ ਨਾਲ ਕਰਨ ਲਈ ਦੇ ਦਿੱਤਾ ਸੀ। ਇਹ ਕੁਝ ਅਜਿਹਾ ਨਹੀਂ ਸੀ ਜਿਹੜਾ ਗੈਰ ਕੌਮਾਂ ਵਾਸਤੇ ਕੀਤਾ ਗਿਆ ਹੋਵੇ। ਬਲਕਿ ਕੁਝ ਅਜਿਹਾ ਸੀ ਜਿਸ ਨੂੰ ਕਰਨਾ ਉਨ੍ਹਾਂ ਨੇ ਚੁਣਿਆ ਸੀ।

ਗੈਰ ਕੌਮਾਂ ਦੀ ਪਸੰਦ ''ਲੁਚਪੁਣਾ'', ਗੰਦੇ–ਮੰਦੇ ਕੰਮ ਚੌਂਪ ਨਾਲ ਕਰਨ ਦੇ ਤਿੰਨੇ ਸ਼ਬਦਾਂ ਤੋਂ ਪਤਾ ਲੱਗ ਜਾਦੀ ਹੈ। ''ਲੁਚਪੁਣੇ'' (*aselgeia*) ਦਾ ਅਰਥ ਹੈ ''ਖਾਹਸ਼ਾਹ, ਹਵਸ''; ''ਗੰਦੇ ਮੰਦੇ ਕੰਮ'' (*akatharsia*) ਵਿਚ ''ਬਹੁਤ ਬੁਰੀ ਤਰ੍ਹਾਂ ਨਾਲ ਨੈਤਿਕ ਅਸ਼ੁੱਧਤਾ'' ਸ਼ਾਮਿਲ ਹੈ ਅਤੇ ''ਚੌਂਪ'' (*pleonexia*) ''ਬੇਲਗਾਮ ਲੋਭੀ ਕਾਮਨਾ'' ਦਾ ਅਰਥ ਦਿੰਦਾ ਹੈ।[6] ਗੈਰ ਕੌਮਾਂ ਦੀਆਂ ਪਸੰਦਾਂ ਦੇ ਕਾਰਣ ਖ਼ੁਦਾ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਦੁਸ਼ਟ ਵਿਹਾਰ ਉੱਤੇ ਛੱਡ ਦਿੱਤਾ (ਵੇਖੋ ਰੋਮੀਆਂ 1:24, 26, 28)।

## "ਪੁਰਾਣੀ ਇਨਸਾਨੀਅਤ ਤੋਂ ਨਵੀਂ ਇਨਸਾਨੀਅਤ ਵਿਚ ਮੁੜ ਆਓ" (4:20-24)

### "ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟੋ" (4:20-22)

**[20]ਪਰ ਤੁਸਾਂ ਮਸੀਹ ਦੀ ਅਜਿਹੀ ਸਿੱਖਿਆ ਨਾ ਪਾਈ! [21]ਜੇ ਤੁਸਾਂ ਕਿਤੇ ਉਹ ਦੀ ਸੁਣੀ ਅਤੇ ਜਿਵੇਂ ਸਚਿਆਈ ਯਿਸੂ ਵਿਚ ਹੈ ਤਿਵੇਂ ਉਸ ਵਿਚ ਤੁਸੀਂ ਸਿਖਾਏ ਗਏ ਹੋ। [22]ਭਈ ਤੁਸਾਂ ਅਗਲੇ ਚਲਣ ਦੀ ਉਸ ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟੋ ਜੋ ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ ਹੈ।**

**ਆਇਤ 20.** ਪੌਲੁਸ ਨੇ ਉਨ੍ਹਾਂ ਦੀ ਮੌਜੂਦਾ ਜ਼ਿੰਦਗੀ ਨੂੰ ਉਨ੍ਹਾਂ ਦੀ ਪਹਿਲਾਂ ਵਾਲੀ ਜ਼ਿੰਦਗੀ ਨਾਲੋਂ ਵੱਖ ਕਰਨ ਦੀ ਸ਼ੁਰੂਆਤ ਕੀਤੀ। ਉਸ ਨੇ ਕਿਹਾ, **ਪਰ ਤੁਸਾਂ ਮਸੀਹ ਦੀ ਅਜਿਹੀ ਸਿੱਖਿਆ ਨਾ ਪਾਈ।** NLT ਵਿਚ ਇਸ ਦਾ ਅਨੁਵਾਦ ਹੈ "ਪਰ ਮਸੀਹ ਬਾਰੇ ਸਿਖਾਉਣ ਵੇਲੇ ਤੁਹਾਨੂੰ ਇਸ ਤਰ੍ਹਾਂ ਨਹੀਂ ਸਿਖਾਇਆ ਗਿਆ ਸੀ।"

4:17 ਦੀ ਸ਼ੁਰੂਆਤ ਪੌਲੁਸ ਨੇ ਇਸ ਭਾਗ ਵਿਚ ਇਹ ਕਹਿੰਦਿਆਂ ਕੀਤੀ, "ਤੁਸੀਂ *ਅਗਾਹਾਂ ਨੂੰ* ਅਜਿਹੀ ਚਾਲ ਨਾ ਚੱਲੋ।" "ਪਰ ਤੁਸਾਂ ਨਾ ਪਾਈ" ਦਾ ਸ਼ਬਦੀ ਅਨੁਵਾਦ "ਪਰ ਤੁਸੀਂ ਨਹੀਂ" ਹੋ ਸਕਦਾ ਹੈ। ਪੌਲੁਸ ਦੇ ਸ਼ਬਦਾਂ ਵਿਚ "ਤੁਸਾਂ" ਨੂੰ ਜ਼ੋਰ ਦੇ ਕੇ "ਪਰਾਈਆਂ ਕੌਮਾਂ" ਤੋਂ ਅੱਡ ਕੀਤਾ ਗਿਆ (4:17)। "ਪਾਈ" ਕਿਰਿਆ ਸ਼ਬਦ ਅਨਿਸਚਿਤ ਭੂਤਕਾਲ ਵਿਚ ਹੈ ਜੋ ਬਗੈਰ ਕਿਸੇ ਸ਼ੱਕ ਦੇ ਅਫ਼ਸੀਆਂ ਦੀ ਮੰਨਬਦਲੀ ਦੀ ਗੱਲ ਹੈ। "ਮਸੀਹ ਦੀ ਸਿੱਖਿਆ" ਮੂਲ ਵਿਚ "ਮਸੀਹ ਨੂੰ ਜਾਣੋ" ਹੈ। ਫ਼ਿਲਿੱਪੀਆਂ 3:10 ਵਿਚ ਪੌਲੁਸ ਨੇ "*[ਮਸੀਹ]* ਨੂੰ ਜਾਣ" ਲੈਣ ਦੀ ਖ਼ਾਹਿਸ ਕੀਤੀ, ਅਤੇ ਕੁਲੁੱਸੀਆਂ 2:6 ਵਿਚ ਉਸ ਨੇ ਉਨ੍ਹਾਂ ਦੀ ਗੱਲ ਲਿਖੀ ਜਿਨ੍ਹਾਂ ਨੇ "ਮਸੀਹ ਯਿਸੂ ਪ੍ਰਭੂ ਨੂੰ ਕਬੂਲ ਕੀਤਾ" ਸੀ। ਅਫ਼ਸੀਆਂ 4:17–32 ਸਣੇ ਇਨ੍ਹਾਂ ਆਇਤਾਂ ਵਿਚ ਨਿਰਾ ਮਸੀਹ ਨੂੰ ਜਾਣਨ ਜਾਂ ਮਸੀਹ ਦੀ ਸਿੱਖਿਆ ਨੂੰ ਜਾਣਨ ਤੋਂ ਕਿਤੇ ਵੱਧ ਕੇ ਹੈ। ਇਨ੍ਹਾਂ ਆਇਤਾਂ ਵਿਚ ਮਸੀਹ ਨਿੱਜੀਕਾਰਕ ਹੈ ਜਿਸ ਵਿਚ ਉਸੇ ਦਾ ਪ੍ਰਚਾਰ ਕੀਤਾ ਜਾਂਦਾ ਹੈ, ਉਸੇ ਨੂੰ ਕਬੂਲ ਕੀਤਾ ਜਾਂਦਾ ਹੈ, ਉਸੇ ਨੂੰ ਜਾਣਿਆ ਜਾਂਦਾ ਹੈ ਅਤੇ ਉਸੇ ਨੂੰ ਅਫ਼ਸੀਆਂ ਨੇ ਸਿੱਖਿਆ ਸੀ।

**ਆਇਤ 21.** ਪੌਲੁਸ ਨੇ ਆਪਣੀ ਤਾੜਨਾ ਨੂੰ ਵਿਸਤਾਰ ਨਾਲ ਸਮਝਾਇਆ: **ਜੇ ਤੁਸਾਂ ਕਿਤੇ ਉਹ ਦੀ ਸੁਣੀ ਅਤੇ ਜਿਵੇਂ ਸਚਿਆਈ ਯਿਸੂ ਵਿਚ ਹੈ ਤਿਵੇਂ ਉਸ ਵਿਚ ਤੁਸੀਂ ਸਿਖਾਏ ਗਏ ਹੋ।** "ਜੇ ਕਿਤੇ" ਦਾ ਅਨੁਵਾਦ ਯੂਨਾਨੀ ਭਾਸ਼ਾ ਦੇ ਦੋ ਕ੍ਰਿਦੰਤਾਂ (*ei,* "ਜੇ") ਅਤੇ (*ge,* "ਅਸਲ ਵਿਚ, ਇਹ ਵੇਖਦਿਆਂ ਕਿ") ਦਾ ਅਨੁਵਾਦ ਹੈ। ਦੋਹਾਂ ਨੂੰ ਮਿਲਾਉਣ ਤੇ ਬਣਨ ਵਾਲੇ ਸ਼ਬਦ "ਸਹੀ ਮੰਨੀ ਜਾਣ ਵਾਲੀ ਚੀਜ਼" ਦਾ ਸੁਝਾਅ ਦਿੰਦੇ ਹਨ।[7] ਪੌਲੁਸ ਜੋ ਕਹਿਣ ਵਾਲਾ ਸੀ ਉਸ ਉੱਤੇ ਸਵਾਲ ਜਾਂ ਸ਼ੱਕ ਨਹੀਂ ਕਰ ਰਿਹਾ ਸੀ, ਬਲਕਿ ਪੱਕੀ ਮਾਨਤਾ ਬਣਾ ਰਿਹਾ ਸੀ।

"ਜੇ ਤੁਸਾਂ ਕਿਤੇ ਉਹਦੀ ਸੁਣੀ" ਕਹਿੰਦਿਆਂ ਪੌਲੁਸ ਅਫ਼ਸੁਸ ਦੇ ਲੋਕਾਂ ਦੇ ਸ਼ੁਰੂ ਵਿਚ ਇੰਜੀਲ ਦੇ ਸ਼ੁਰੂ ਵਿਚ ਸੁਣਨ ਦੀ ਗੱਲ ਕਰ ਰਿਹਾ ਸੀ (ਵੇਖੋ 1:13)। ਉਨ੍ਹਾਂ ਨੇ ਉਸ ਗੱਲ ਵਿਚ "ਉਹਦੀ ਸੁਣੀ" ਸੀ ਕਿਉਂ ਕਿ ਰਸੂਲ ਪੌਲੁਸ ਵੱਲੋਂ ਸੱਚਾਈ ਦਾ ਵਚਨ ਦੱਸੇ ਜਾਣ ਨਾਲ ਉਸ ਦੇ ਸੰਦੇਸ਼ ਨੂੰ ਸੁਣਿਆ ਸੀ (ਵੇਖੋ ਕੁਲੁੱਸੀਆਂ 1:5; ਰਸੂਲਾਂ ਦੇ ਕੰਮ 19:1–10)।

> ਮਸੀਹ ਦੀ ਸੁਣਨ ਦੇ ਸਬੰਧ ਵਿਚ ਯੂਨਾਨੀ ਲਿਖਤ ਵਿਚ ਮਸੀਹ ਲਈ ਪੜਨਾਉਂ "ਸੁਣਨਾ" ... ਨਾਲ ਕਰਮਕਾਰਕ ਹੈ। *[ਇਸ ਸ਼ਬਦ]* ਦੇ ਨਾਲ ਜਿਸ ਦੇ ਸ਼ਬਦ ਕੋਈ ਸੁਣਦਾ ਹੈ ਉਹ ਸਬੰਧਕਾਰਕ ਵਿਚ ਖਲੋਤਾ ਹੁੰਦਾ ਹੈ, ਜਿਸ ਬਾਰੇ ਸੁਣ ਰਿਹਾ ਹੁੰਦਾ ਹੈ ਉਹ ਕਰਮਕਾਰਕ ਵਿਚ

ਹੁੰਦਾ ਹੈ।... ਸੋ ਮਸੀਹ ਦੇ ਸਬੰਧ ਵਿਚ ਸੁਣਨਾ ਮਸੀਹ ਬਾਰੇ ਦੱਸਣ ਨੂੰ ਕਬੂਲ ਕਰਨਾ ਹੁੰਦਾ ਹੈ।[8]

ਅਫ਼ਸੀਆਂ ਨੇ ਮਸੀਹ ਅਤੇ ਉਸ ਦੇ ਰਾਹ ਬਾਰੇ ਸੁਣਿਆ ਸੀ (4:20)। ਇਸ ਮੁੱਢਲੀ ਸਿੱਖਿਆ ਦੇ ਬਾਅਦ ਉਨ੍ਹਾਂ ਨੇ ਮਸੀਹ ਵਿਚ ਬਪਤਿਸਮਾ ਲੈ ਲਿਆ। ''ਕਿਵੇਂ ਉਸ ਵਿਚ ਸਿਖਾਏ ਗਏ'' ਵੀ ਸਨ। ਉਸ ਸਿੱਖਿਆ ਦੀ ਗੱਲ ਹੈ ਜਿਹੜੀ ਇੰਜੀਲ ਦੇ ਸ਼ੁਰੂ ਵਿਚ ਸੁਣਨ ਦੇ *ਬਾਅਦ* ਮਿਲੀ ਸੀ, ਜਿਸ ਨਾਲ ਉਹ ਮਸੀਹੀ ਬਣਨ ਲਈ ਪ੍ਰੇਰਿਤ ਹੋਏ ਸਨ। ਉਨ੍ਹਾਂ ਨੂੰ ਆਪਣੀ ਮਨਬਦਲੀ ਦੇ ਬਾਅਦ ''ਉਸ ਵਿਚ'' ਹੋਰ ਸਿਖਾਇਆ ਗਿਆ ਸੀ ਜਿਸ ਵਿਚ ''ਉਸੇ ਵਿਚ'' ਉਨ੍ਹਾਂ ਦੀ ਰੂਹਾਨੀ ਤਰੱਕੀ ਹੋਈ।

''ਜਿਵੇਂ ਸਚਿਆਈ ਯਿਸੂ ਵਿਚ ਹੈ'' ਇਸ ਗੱਲ ਨੂੰ ਯਾਦ ਦੁਆਉਂਦਾ ਹੈ ਕਿ ਯਿਸੂ ਸਚਿਆਈ ਦੀ ਮੂਰਤ ਹੈ (ਵੇਖੋ ਯੂਹੰਨਾ 14:6)। ਯਿਸੂ ਦੇ ਸਬੰਧ ਵਿਚ ਜਿਹੜੀ ਸਚਿਆਈ ਅਫ਼ਸੀਆਂ ਨੇ ਸੁਣਿਆ ਸੀ ਅਤੇ ਜਿਹੜੀ ਸਚਿਆਈ ਉਨ੍ਹਾਂ ਨੂੰ ''ਉਸ ਵਿਚ'' ਸਿਖਾਈ ਗਈ ਸੀ ਉਸੇ ਨੇ ਉਨ੍ਹਾਂ ਨੂੰ ਗੈਰ ਕੌਮਾਂ ਵਾਂਗ ਨਾ ਰਹਿਣ ਦੀ ਬਲਕਿ ਉਸ ਨਵੀਂ ਜ਼ਿੰਦਗੀ ਵਿਚ ਰਹਿਣ ਦੀ ਹਦਾਇਤ ਕੀਤੀ ਜਿਹੜੀ ਉਨ੍ਹਾਂ ਨੂੰ ਮਸੀਹ ਵਿਚ ਹੋਈ ਸੀ।

**ਆਇਤ 22.** ਆਇਤਾਂ 22 ਤੋਂ 24 ਵਿਚ ਤਿੰਨ ਕੰਮਾਂ ਦਾ ਜ਼ਿਕਰ ਹੈ। ਭਲਾ ਰਸੂਲ ਇਹ ਦੱਸ ਰਿਹਾ ਸੀ ਕਿ ਅਫ਼ਸੀਆਂ ਨੂੰ ਕੀ ਕਰਨਾ ਸਿਖਾਇਆ ਗਿਆ ਸੀ (4:21), ਜਾਂ ਉਨ੍ਹਾਂ ਦੇ ਕੰਮ ਉਨ੍ਹਾਂ ਨੂੰ ਭਾਈਆਂ ਵੱਲੋਂ ਦਿੱਤੀ ਗਈ ਸਿੱਖਿਆ ਦਾ ਨਤੀਜਾ ਸੀ? ਸੰਭਵ ਤੌਰ ਤੇ ਇਹ ਜ਼ਰੂਰੀ ਨਹੀਂ ਸੀ ਕਿਉਂ ਜੋ ਪੌਲੁਸ ਨੇ ਕਿਹਾ, ''ਤੁਸਾਂ ... ਸੁਣੀ ਅਤੇ ... ਤੁਸੀਂ ਸਿਖਾਏ ਗਏ'' ਅਤੇ ''ਲਾਹ ਸੁੱਟੋ।'' ਇੰਜ ਲਗਦਾ ਹੈ ਕਿ ਜੋ ਕੁਝ ਸਿਖਾਇਆ ਗਿਆ ਸੀ ਪੌਲੁਸ ਇੰਜੀਲ ਦੇ ਉਨ੍ਹਾਂ ਦੇ ਹੁਕਮ ਮੰਨਣ ਦੇ ਨਤੀਜੇ ਨਾਲ ਉਨ੍ਹਾਂ ਨੂੰ ਸਮਝਾ ਰਿਹਾ ਸੀ। ਦੂਜੇ ਸ਼ਬਦਾਂ ਵਿਚ ਉਨ੍ਹਾਂ ਨੇ ਚੁਣਿਆ ਸੀ, ਉਨ੍ਹਾਂ ਨੂੰ ਸਿਖਾਇਆ ਗਿਆ ਸੀ ਅਤੇ ਉਨ੍ਹਾਂ ਨੇ ਮਸੀਹੀ ਬਣਨ ਤੇ ''ਪੁਰਾਣੀ ਇਨਸਾਨੀਅਤ'' ਲਾਹ ਕੇ ਸਿੱਖਿਆ ਨੂੰ ਮੰਨ ਲਿਆ ਸੀ।

ਪਹਿਲਾ ਕੰਮ **ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟਣਾ ਹੈ।** ਇਹ ਆਇਤ ਸਹੀ ਸਹੀ ਸੰਕੇਤ ਨਹੀਂ ਦਿੰਦੀ ਕਿ ਇਹ ਕੰਮ ਕਦੋਂ ਹੋਇਆ; ਪਰ ਰੋਮੀਆਂ 6:2–6 ਤੋਂ 6 ਕਹਿੰਦਾ ਹੈ ਕਿ ਜਿਨ੍ਹਾਂ ਲੋਕਾਂ ਨੇ ਮਸੀਹ ਵਿਚ ਬਪਤਿਸਮਾ ਲਿਆ ਹੈ ਉਹ ਉਹਦੇ ਨਾਲ ਦਫ਼ਨਾਏ ਵੀ ਗਏ ਹਨ। ਇਸ ਤਰ੍ਹਾਂ ਨਾਲ ਜਿਹੜਾ ਪਾਪ ਲਈ ਮਰ ਜਾਣ ਵਾਲੇ ਨੂੰ ਨਵੀਂ ਜ਼ਿੰਦਗੀ ਲਈ ਉਠਾਇਆ ਜਾਂਦਾ ਹੈ। ਮਸੀਹ ਦੇ ਨਾਲ ਮਰ ਕੇ ਜੀ ਉੱਠਣ ਵਾਲਿਆਂ ਦੇ ਬਾਵਜੂਦ ਪੌਲੁਸ ਨੇ ਆਇਤ 6 ਵਿਚ ਕਿਹਾ, ''ਕਿਉਂ ਜੋ ਅਸੀਂ ਇਹ ਜਾਣਦੇ ਹਾਂ ਜੋ ਸਾਡੀ ਪੁਰਾਣੀ ਮਨੁੱਖਤਾਈ ਉਹਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ ਭਈ ਪਾਪ ਦਾ ਸਰੀਰ ਨਸ਼ਟ ਹੋ ਜਾਵੇ।'' ਇਸ ਹਵਾਲੇ ਵਿਚ ''ਪੁਰਾਣੀ ਮਨੁੱਖਤਾਈ ... ਨਵੀਂ ਇਨਸਾਨੀਅਤ'' ਦੀ ਧਾਰਣਾ (4:20–24) ਰੋਮੀਆਂ 6 ਦੇ ਸ਼ਬਦ ਲਿਖਦਿਆਂ ਵੀ ਪੌਲੁਸ ਦੇ ਦਿਮਾਗ਼ ਵਿਚ ਸੀ। ਇਸ ਤੋਂ ਇਲਾਵਾ ਪੌਲੁਸ ਨੇ ਤਸਦੀਕ ਕੀਤੀ ਕਿ ਜਿਨ੍ਹਾਂ ਨੇ ਮਸੀਹ ਵਿਚ ਬਪਤਿਸਮਾ ਲਿਆ ਉਨ੍ਹਾਂ ਨੇ ''ਮਸੀਹ ਨੂੰ ਪਹਿਨ ਲਿਆ'' (ਗਲਾਤੀਆਂ 3:27), ਜੋ ''ਨਵੀਂ ਇਨਸਾਨੀਅਤ'' ਵੱਲ ਇਸ਼ਾਰਾ ਹੈ। ਇਸ ਕਰਕੇ 4:22 ਵਿਚਲੇ ਕੰਮ ਦਾ ਸਮਾਂ ਪਰਿਭਾਸ਼ਿਤ ਕੀਤਾ ਗਿਆ ਹੈ। ਪੁਰਾਣੀ ਮਨੁੱਖਤਾਈ ਨੂੰ ਲਾਹ ਦੇਣਾ *ਬਪਤਿਸਮਾ ਲੈਣ ਵੇਲੇ* ਹੁੰਦਾ ਹੈ।

''ਪੁਰਾਣੀ ਮਨੁੱਖਤਾਈ,'' ''ਪੁਰਾਣੀ'' (*palaios*) ਦੇ ਸਬੰਧ ਵਿਚ ''ਘੱਸ ਜਾਣਾ, ਬੁੜ੍ਹਾਪੇ ਨਾਲ ਕਮਜ਼ੋਰ ਹੋ ਜਾਣਾ, ਫ਼ਜ਼ੂਲ''[9] ''ਇਨਸਾਨੀਅਤ'' (*anthropos*) ਦਾ ਸੰਕੇਤ ਦਿੰਦਾ ਹੈ। ਇਹ ਅਫ਼ਸੀਆਂ ਦੀ ਉਸ ਸਮੇਂ ਦੀ ਹਾਲਤ ਨੂੰ ਵਿਖਾਉਂਦਾ ਹੈ ਜਦ ਉਹ ਬਚਾਏ ਹੋਏ ਨਹੀਂ ਸਨ ਅਤੇ ਪਾਪ ਦਾ ਉਨ੍ਹਾਂ ਉੱਤੇ ਕਬਜ਼ਾ ਸੀ। ''ਪੁਰਾਣੀ ਮਨੁੱਖਤਾਈ'' ਨੂੰ ਲਾਹੁਣਾ ਸਿਰਫ਼ ਕੁਝ ਬੁਰੀਆਂ ਆਦਤਾਂ ਨੂੰ ਛੱਡਣਾ ਨਹੀਂ ਬਲਕਿ ਅਤੀਤ ਦੇ ਨਾਲ ਫੈਸਲਾਕੁਨ ਢੰਗ ਨਾਲ ਨਾਤਾ ਤੋੜ ਦੇਣਾ ਸੀ। ਜਿਹੜਾ ਲਾਹ

ਦਿੱਤਾ ਗਿਆ ਸੀ ਉਹ ''ਪੁਰਾਣੀ ਮਨੁੱਖਤਾਈ ਸੀ ਜਿਹੜੀ ਪਾਪ ਦੇ ਕਬਜ਼ੇ ਵਾਲੀ ਜ਼ਿੰਦਗੀ ਜੀਣ ਵਿਚ ਅਗਵਾਈ ਕਰ ਰਹੀ ਸੀ।''[10]

ਪੁਰਾਣੀ ਮਨੁੱਖਤਾਈ **ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ** ਸੀ। ''ਵਿਗੜਦੀ ਜਾਂਦੀ'' ਵਰਤਮਾਨ ਕ੍ਰਿਦੰਤ ਲਗਾਤਾਰ ਹੋਣ ਵਾਲੀ ਪ੍ਰਕਿਰਿਆ ਦੀ ਗੱਲ ਕਰਦਾ ਹੈ ਜਿਸ ਵਿਚ ਪੁਰਾਣੀ ਮਨੁੱਖਤਾਈ ਬੁਰੀ ਤੋਂ ਬੁਰੀ ਹੁੰਦੀ ਜਾ ਰਹੀ ਸੀ। ''ਕਾਮਨਾਵਾਂ'' (*epiethumia*) ਦਾ ਅਨੁਵਾਦ ਹੈ ਅਤੇ ਇਸ ਸੰਦਰਭ ਵਿਚ ਇਸ ਦਾ ਅਰਥ ''ਲਲਕ ਭਰੀ, ਹਵਸ ਵਾਲੀ ਇੱਛਾ'' ਹੈ।[11] ਇਹ ਬੁਰੀਆਂ ਖ਼ਾਹਿਸ਼ਾਂ ਇਸ ਅਰਥ ਵਿਚ ''ਧੋਖਾ ਦੇਣ ਵਾਲੀਆਂ'' ਸਨ ਕਿ ਇਨ੍ਹਾਂ ਵਿਚ ਐਸ਼ ਦੀ ਜ਼ਿੰਦਗੀ ਦਾ ਵਾਅਦਾ ਤਾਂ ਸੀ ਪਰ ਇਹ ਵਿਗੜੀ ਹੋਈ ਜ਼ਿੰਦਗੀ ਦਾ ਕਾਰਣ ਬਣਦੀਆਂ ਸਨ। ਧੋਖਾ ਦੇਣ ਵਾਲਾ ਚਰਿੱਤਰ ਗੈਰ ਕੌਮਾਂ ਦਾ ਢੰਗ ਸੀ (2:3)। ਨਿਹਚਾਵਾਨਾਂ ਨੇ ਇਸ ਜੀਵਨ ਸ਼ੈਲੀ ਨੂੰ ਛੱਡ ਦਿੱਤਾ ਸੀ ਜਿਹੜੀ ਖੁਸ਼ਖ਼ਬਰੀ ਦੇ ਸੱਚ ਦੇ ਉਲਟ ਸੀ (4:14, 15; 2 ਥੱਸਲੁਨੀਕੀਆਂ 2:10)। ਜ਼ਿੰਦਗੀ ਦਾ ਝੂਠਾ ਫ਼ਲਸਫ਼ਾ ਉਨ੍ਹਾਂ ਲੋਕਾਂ ਨੂੰ ਫਸਾ ਲੈਂਦਾ ਹੈ ਜਿਹੜੇ ਸਚਿਆਈ ਅਤੇ ਝੂਠ ਵਿਚ ਫ਼ਰਕ ਨਹੀਂ ਕਰਦੇ (ਵੇਖੋ ਕੁਲੁੱਸੀਆਂ 2:8)।

### **''ਨਵੇਂ ਬਣੋ''** (4:23)

**[23]ਅਤੇ ਆਪਣੇ ਮਨ ਦੇ ਸੁਭਾਉ ਵਿਚ ਨਵੇਂ ਬਣੋ।**

**ਆਇਤ 23.** ਤਿੰਨ ਕਾਰਵਾਹੀਆਂ ਵਿੱਚੋਂ ਪਹਿਲੀ ਕਾਰਵਾਹੀ ''ਲਾਹ ਸੁੱਟੋ'' ਕੁਝ ਅਜਿਹਾ ਸੀ ਜਿਹੜਾ ਅਤੀਤ ਵਿਚ ਅਫ਼ਸੀਆਂ ਨੇ ਬਪਤਿਸਮਾ ਲੈਣ ਸਮੇਂ ਕੀਤਾ ਸੀ। ਦੂਜੀ ਕਾਰਵਾਹੀ **ਆਪਣੇ ਮਨ ਦੇ ਸੁਭਾਉ ਵਿਚ ਨਵੇਂ** ਬਣਦੇ ਰਹਿਣ ਦੀ ਪ੍ਰਕਿਰਿਆ ਸੀ। ''ਨਵੇਂ ਬਣਨ'' ਲਈ (*ananeoō*) ''ਅੰਦਰੂਨੀ ਸੁਧਾਰ ਨਾਲ ਨਵੇਂ ਬਣਨਾ'' ਹੈ।[12] ਇੱਥੇ ਵਰਤਿਆ ਗਿਆ ਵਿਆਕਰਣੀ ਰੂਪ ''ਬਿਨਾਂ ਕਿਸੇ ਅਜਿਹੇ ਸੰਕੇਤ ਦੇ ਕਿ ਕੋਈ ਕੰਮ ਕਦੋਂ ਹੋਇਆ, ਲਗਾਤਾਰ ਕੰਮ ਕੀਤੇ ਜਾਣ'' ਦਾ ਸੰਕੇਤ ਦਿੰਦਾ ਹੈ ਅਤੇ ਵਿਖਾਉਂਦਾ ਹੈ ਕਿ ਕਰਤਾ ਆਪਣੇ ਉੱਤੇ ਜਾਂ ਆਪਣੇ ਸਬੰਧ ਵਿਚ ਕਿਸੇ ਤਰ੍ਹਾਂ ਨਾਲ ਕੰਮ ਕਰ ਰਿਹਾ *[ਹੈ]*।[13] ਪੁਰਾਣੀ ਮਨੁੱਖਤਾਈ ਨੂੰ ਲਾਹ ਸੁੱਟਣ ਦਾ ਕੰਮ ਭਾਵੇਂ ਬਪਤਿਸਮਾ ਲਏ ਜਾਣ ਵੇਲੇ ਹੋਣ ਵਾਲਾ ਇੱਕੋ ਵਾਰ ਦਾ ਕੰਮ ਸੀ, ਪਰ ਨਵੇਂ ਹੋਣ ਦੀ ਲਗਾਤਾਰ ਕਾਰਵਾਹੀ ਮਸੀਹੀ ਆਦਮੀ ਲਈ ਜ਼ਿੰਦਗੀ ਭਰ ਚੱਲਦੀ ਰਹੀ ਹੈ।

''ਸੁਭਾਉ'' ਇੱਥੇ ਪਵਿੱਤਰ ਆਤਮਾ ਲਈ ਨਹੀਂ ਹੈ, ਕਿਉਂ ਜੋ ਪੌਲੁਸ ਨੇ ''ਆਪਣੇ ਮਨ ਦੇ ਸੁਭਾਅ'' ਦੀ ਗੱਲ ਕੀਤੀ। ''ਮਨ'' ਆਦਮੀ ਦੀ ਦਿਮਾਗੀ ਕਾਬਲੀਅਤ ਹੁੰਦੀ ਹੈ ਜਿਸ ਵਿਚ ਤਰਕ ਦੇਣ ਅਤੇ ਸਮਝ ਦੀ ਉਸ ਦੀ ਯੋਗਤਾ ਭਾਵ ''ਇਖ਼ਲਾਕੀ ਸੋਚ ਦਾ ਅੰਗ'' ਹੁੰਦਾ ਹੈ[14] (ਵੇਖੋ 4:17 ਅਤੇ ਰੋਮੀਆਂ 1:28; 7:23)। ''ਸੁਭਾਅ'' ਦਾ ਜ਼ਿਕਰ ''ਮਨ'' ਦੇ ਸਬੰਧ ਵਿਚ ਹੋਇਆ ਹੈ, ਪਰ ਦੋਵੇਂ ਵੱਖੋ ਵੱਖ ਹਨ। ਖ਼ੁਦਾ ਨਾਲ ਗੱਲਬਾਤ ਦਾ ਅਨੰਦ ਆਦਮੀ ਦੀ ਸ਼ਖ਼ਸੀਅਤ ਨੂੰ ਮਿਲਦਾ ਹੈ ਅਤੇ ਇਸੇ ਨੂੰ ਉਸ ਦੇ ਸਰੂਪ ਉੱਤੇ ਬਣਾਇਆ ਗਿਆ ਹੈ (ਵੇਖੋ ਉਤਪਤ 1:26, 27)। 1 ਕੁਰਿੰਥੀਆਂ 14:14 ਵਿਚ ਪੌਲੁਸ ਨੇ ''ਆਤਮਾ'' ਅਤੇ ''ਸਮਝ'' ਵਿਚ ਫ਼ਰਕ ਦੱਸਿਆ ਹੈ। ਸਮਝ ਇਹ ਹੋਣੀ ਜ਼ਰੂਰੀ ਹੈ ਕਿ ਸ਼ਖ਼ਸੀਅਤ (ਆਤਮਾ) ਅਤੇ ਸਹੀ ਢੰਗ ਨਾਲ ਤਰਕ ਦੇਣ ਦੀ ਯੋਗਤਾ (ਮਨ) ਦਾ ਰੋਜ਼–ਬ–ਰੋਜ਼ ਨਵਾਂ ਹੋਣਾ ਜ਼ਰੂਰੀ ਹੈ (ਵੇਖੋ ਰੋਮੀਆਂ 12:2; 2 ਕੁਰਿੰਥੀਆਂ 4:16)। ਇੱਥੇ ਵਰਤੇ ਗਏ ਕਿਰਿਆ ਰੂਪ ਨੂੰ ਸੁਝਾਅ ਮਿਲਦਾ ਹੈ ਕਿ ਮਸੀਹੀ ਆਦਮੀ ਆਪਣੇ ਆਪ ਵਿਚ ਨਵਾਂਪਣ ਲਿਆਉਣ ਲਈ ਸਰਗਰਮੀ ਨਾਲ ਕੰਮ ਕਰ ਰਿਹਾ ਹੈ।

‘‘ਨਵੀਂ ਇਨਸਾਨੀਅਤ ਨੂੰ ਪਹਿਨ ਲਓ’’ (4:24)

**[24]ਅਤੇ ਨਵੀਂ ਇਨਸਾਨੀਅਤ ਨੂੰ ਪਹਿਨ ਲਓ ਜਿਹੜੀ ਪਰਮੇਸ਼ੁਰ ਦੇ ਅਨੁਸਾਰ ਸਚਿਆਈ ਦੇ ਧਰਮ ਅਤੇ ਪਵਿੱਤਰਤਾਈ ਵਿਚ ਉਤਪਤ ਹੋਈ।**

**ਆਇਤ 24.** ਇਸ ਸੰਦਰਭ ਵਿਚ ਪੌਲੁਸ ਵੱਲੋਂ ਦੱਸਿਆ ਗਿਆ ਤੀਜਾ ਕੰਮ **ਨਵੀਂ ਇਨਸਾਨੀਅਤ ਨੂੰ ਪਹਿਨ** ਲੈਣਾ ਹੈ। ਪੁਰਾਣੀ ਮਨੁੱਖਤਾ ਨੂੰ ਲਾਹ ਸੁੱਟਣ ਵਾਂਗ ਇਹ ਕਿਸੇ ਅਣਠਿੱਡੇ ਸਮੇਂ ਵਿਚ ਕੀਤਾ ਜਾਣ ਵਾਲਾ ਕੰਮ ਹੈ। ਲਾਹ ਦਿੱਤਾ ਜਾਣਾ ਬਪਤਿਸਮਾ ਲੈਣ ਵੇਲੇ ਹੋਇਆ ਸੀ ਅਤੇ ਉਸੇ ਵੇਲੇ ਨਵੀਂ ਇਨਸਾਨੀਅਤ ਨੂੰ ਪਹਿਨ ਲਿਆ ਜਾਣਾ ਵੀ ਹੋਇਆ। ਜਦ ਕੋਈ ਮਸੀਹ ਵਿਚ ਬਪਤਿਸਮਾ ਲੈਂਦਾ ਹੈ ਤਾਂ ਉਹ ਮਸੀਹ ਵਿਚ ਆ ਜਾਂਦਾ ਹੈ ਅਤੇ ਇਕ ‘‘ਨਵੀਂ ਸਰਿਸ਼ਟ’’ (2 ਕੁਰਿੰਥੀਆਂ 5:17)। ਬਣ ਜਾਂਦਾ ਹੈ। ਮਸੀਹ ਵਿਚ ਹੋਣ ਕਰਕੇ ਉਹ ਦੇਹ ਭਾਵ ਕਲੀਸੀਆ ਦਾ ਅੰਗ ਬਣ ਜਾਂਦਾ ਹੈ ਅਤੇ ਖ਼ੁਦਾ ਦੇ ਘਰਾਣੇ ਅਤੇ ਪਰਿਵਾਰ ਦਾ ਮੈਂਬਰ ਬਣ ਜਾਂਦਾ ਹੈ (ਵੇਖੋ 2:19)।

ਖ਼ੁਦਾ ਦੇ ਬਾਲਕ ਦੇ ਰੂਪ ਵਿਚ ਮਸੀਹੀ ਆਦਮੀ ਲਈ ਆਪਣੇ ਉੱਤੇ ਪਰਿਵਾਰ ਦਾ ਰੰਗ ਚੜ੍ਹਾਉਣਾ ਜ਼ਰੂਰੀ ਹੈ। ਇਸ ਕਰਕੇ ਪੌਲੁਸ ਨੇ ਕਿਹਾ ਕਿ ਨਵੀਂ ਇਨਸਾਨੀਅਤ **ਪਰਮੇਸ਼ੁਰ ਦੇ ਅਨੁਸਾਰ** ਹੈ। ਨਵੀਂ ਇਨਸਾਨੀਅਤ ਸਮੇਂ ਵਿਚ ਨਵੀਂ ਨਹੀਂ ਹੈ। ਪੌਲੁਸ ਇਸ ਨੂੰ ਵਿਖਾਉਣ ਲਈ *neos* ਦੀ ਵਰਤੋਂ ਕਰਦਾ ਬਲਕਿ ਗੁਣ ਵਿਚ ਨਵੀਂ ਹੈ (ਜਿਵੇਂ *kainos* ਨਾਲ ਇੱਥੇ ਵਿਖਾਇਆ ਗਿਆ)। ਇਹ ਨਵਾਂਪਣ ਇਸ ਅਰਥ ਵਿਚ ‘‘ਪੁਰਾਣੇ ਨਾਲੋਂ ਉਲਟ ਹੈ ਕਿ ਪੁਰਾਣਾ ਉਮਰ ਨਾਲ ਵਿਗੜ ਚੁਕਿਆ’’ ਹੈ।[15] ਇਸ ਖ਼ਤ ਵਿਚ ਪੌਲੁਸ ਨੇ ਬਾਅਦ ਵਿਚ ਇਸੇ ਵਿਚਾਰ ਨੂੰ ਇਨ੍ਹਾਂ ਸ਼ਬਦਾਂ ਵਿਚ ਜ਼ਾਹਿਰ ਕੀਤਾ, ‘‘ਸੋ ਤੁਸੀਂ ਪਿਆਰਿਆਂ ਪੁੱਤਰਾਂ ਵਾਂਗੂ ਪਰਮੇਸ਼ੁਰ ਦੀ ਰੀਸ ਕਰੋ’’ (5:1)। ਪ੍ਰਕਿਰਿਆ ਇਕ ਸਰਿਸ਼ਟੀ ਹੈ। ਜਿਵੇਂ ਖ਼ੁਦਾ ਨੇ ਜ਼ਮੀਨ ਦੀ ਮਿੱਟੀ ਨਾਲ ਪਹਿਲੇ ਮਨੁੱਖ ਨੂੰ ਰਚਿਆ ਸੀ ਅਤੇ ਉਸ ਨੂੰ ਸਰੀਰਕ ਜੀਉਣ ਦਾ ਸਾਹ ਦਿੱਤਾ ਸੀ, ਉਸੇ ਤਰ੍ਹਾਂ ਨਾਲ ਉਸ ਨਾ ਪਾਪ ਵਿਚ ਡਿੱਗੇ ਮਨੁੱਖ ਵਿੱਚੋਂ ਉਸ ਨੂੰ ਉਨ੍ਹਾਂ ਦੀਆਂ ਰੂਹਾਨੀ ਜ਼ਿੰਦਗੀ ਵਿਚ ਨਵਾਂ ਪ੍ਰਾਣੀ ਬਣਾਇਆ। ਸਾਨੂੰ ਪਹਿਲਾਂ ਸਰਿਸ਼ਟੀ ਦੀ ਧਾਰਣਾ ਮਿਲੀ ਸੀ ਜਦ ਪੌਲੁਸ ਨੇ ਕਿਹਾ ਕਿ ਨਿਹਚਾਵਾਨ ਲੋਕ ‘‘ਸ਼ੁੱਭ ਕਰਮਾ ਲਈ ਰਚੇ ਗਏ’’ ਸਨ (2:10)। ਇਸ ਪ੍ਰਕਿਰਿਆ ਵਿਚ ਖ਼ੁਦਾ ਅਤੇ ਇਨਸਾਨ ਦੇ ਸਹਿਯੋਗ ਵਿਚ ਇਸ ਗੱਲ ਵਿਚ ਵੇਖਿਆ ਜਾ ਸਕਦਾ ਹੈ ਕਿ ਖ਼ੁਦਾ ਪਹਿਲ ਕਰਦਾ ਹੈ (2:1–22) ਅਤੇ ਸਾਡੇ ਲਈ ਇੰਜੀਲ ਨੂੰ ਕਬੂਲ ਕਰਕੇ ਬਪਤਿਸਮੇ ਵਿਚ ਮਸੀਹ ਨੂੰ ਪਹਿਨ ਕੇ ਨਵੀਂ ਇਨਸਾਨੀਅਤ ਦੀ ਜ਼ਿੰਮੇਵਾਰੀ ਨਿਭਾਉਣੀ ਜ਼ਰੂਰੀ ਹੈ (ਗਲਾਤੀਆਂ 3:27)।

**ਧਰਮੀ** ਉਨ੍ਹਾਂ ਲੋਕਾਂ ਨੂੰ ਦਿੱਤਾ ਗਿਆ ਗੁਣ ਹੈ ਜਿਹੜੇ ਮਸੀਹੀ ਬਣਦੇ ਹਨ। ਮਨੁੱਖ ਕੋਲ ਆਪਣੀ ਕੋਈ ਸਚਿਆਈ ਨਹੀਂ ਹੈ; ਜਦ ਉਹ ਪਾਪ ਵਿਚ ਰਹਿੰਦਾ ਸੀ ਤਾਂ ਉਹ ‘‘ਧਰਮ ਤੋਂ ਅਜ਼ਾਦ’’ ਸੀ (ਰੋਮੀਆਂ 6:20)। ਮਸੀਹ ਸੰਸਾਰ ਵਿਚ ਆਦਮੀ ਦੀ ਸਚਿਆਈ ਜਾਂ ਧਾਰਮਿਕਤਾ ਬਣਨ ਵਾਸਤੇ ਆਇਆ (1 ਕੁਰਿੰਥੀਆਂ 1:30)। ਜਿਸ ਵਿਚ ਖ਼ੁਦਾ ਨੇ ‘‘ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ’’ (2 ਕੁਰਿੰਥੀਆਂ 5:21)। ਇਸ ਕਰਕੇ ਜਦ ਕੋਈ ਇੰਜੀਲ ਦੀ ਗੱਲ ਮੰਨਦਾ ਹੈ ਤਾਂ ਉਹ ਧਾਰਮਿਕਤਾ ਦਾ ਦਾਸ ਬਣ ਜਾਂਦਾ ਹੈ (ਰੋਮੀਆਂ 6:17, 18)। ਖ਼ੁਦਾ ਨੇ ਮਸੀਹ ਵਿਚ ਆਉਣ ਵਾਲਿਆਂ ਨੂੰ ਧਰਮੀ ਹੋਣ ਦਾ ਐਲਾਨ ਕਰ ਦਿੱਤਾ ਹੈ ਜੋ ਕਿ ਨਵੀਂ ਇਨਸਾਨੀਅਤ ਦੀ ਰਚਨਾ ਦਾ ਸਹੀ ਮਕਸਦ ਹੈ, ਜੋ ਕਿ ਇਹ ਧਾਰਮਿਕਤਾ ਉਹ ਵਿਖਾਉਂਦੀ ਹੈ ਜਦ ਅਸੀਂ ਆਪਣੇ ਆਪ ਸਬੰਧਾਂ ਨਾਲ ਉਹ ਕਰ ਰਹੇ ਹੁੰਦੇ ਹਾਂ ਜੋ ਸਹੀ ਹੈ।

**ਪਵਿੱਤਰਤਾਈ** ਵੀ ਖ਼ੁਦਾ ਵਰਗੇ ਬਣਨ ਦਾ ਸੁਝਾਅ ਦਿੰਦੀ ਹੈ ਅਤੇ ਅਫ਼ਸੀਆਂ ਨੂੰ ਉਵੇਂ ਹੀ ਪਵਿੱਤਰ ਹੋਣ ਲਈ ਕਿਹਾ ਗਿਆ ਸੀ। ਜਿਵੇਂ ਖ਼ੁਦਾ ਪਵਿੱਤਰ ਹੈ (ਵੇਖੋ 1 ਪਤਰਸ 1:16)। ਇਸ ਤੋਂ ਇਲਾਵਾ ਧਾਰਮਿਕਤਾ ਖ਼ੁਦਾ ਦੀ ਖੂਬੀ ਹੈ ਜਿਸ ਦੀ ਆਪਣੇ ਮਨੁੱਖੀ ਸਬੰਧਾਂ ਵਿਚ ਨਿਹਚਾਵਾਨਾਂ ਨੂੰ ਨਕਲ ਕਰਨ ਲਈ ਕਿਹਾ ਗਿਆ ਹੈ, ਇਸ ਕਰਕੇ ਪਵਿੱਤਰਤਾਈ ਖ਼ੁਦਾ ਦੇ ਵਰਗੇ ਬਣਨਾ ਅਤੇ ਖ਼ੁਦਾ ਨੂੰ ਉਹ ਦੇਣਾ ਜੋ ਧੁੰਦਵਾਂ ਹੈ। ਨਵੀਂ ਇਨਸਾਨੀਅਤ ਦੂਜਿਆਂ ਨਾਲ ਆਪਣੇ ਸਬੰਧਾਂ ਅਤੇ ਖ਼ੁਦਾ ਨਾਲ ਆਪਣੇ ਸਬੰਧਾਂ ਵਿਚ ਇਨ੍ਹਾਂ ਦੋਹਾਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੀ ਹੈ। ਧਰਮੀ ਅਤੇ ਪਵਿੱਤਰ ਹੋਣ ਦਾ ਮਤਲਬ **ਸਚਿਆਈ ਦੇ** ਹੋਣਾ ਹੈ; ਭਾਵ ਖ਼ੁਦਾ ਦੇ ਮੁਕਾਸ਼ਫ਼ੇ ਦੀ ਸਚਿਆਈ ਦੋਹਾਂ ਗੁਣਾ ਨੂੰ ਸਿਖਾਉਂਦੀ ਹੈ ਅਤੇ ਗੈਰ ਕੌਮਾਂ ਦੀ ਅਪਵਿੱਤਰ ਅਤੇ ਅਧਰਮੀ ਜੀਵਨ ਸ਼ੈਲੀ ਦਾ ਵਿਰੋਧ ਕਰਦੀ ਹੈ (4:17–19)।

## "ਝੂਠ ਤੋਂ ਸੱਚਾਈ ਵੱਲ ਮੁੜ ਆਓ" (4:25)

**[25]ਇਸ਼ ਲਈ ਤੁਸੀਂ ਝੂਠ ਨੂੰ ਤਿਆਗ ਕੇ ਹਰੇਕ ਆਪਣੇ ਗੁਆਂਢੀ ਨਾਲ ਸੱਚ ਬੋਲੋ ਕਿਉਂ ਜੋ ਅਸੀਂ ਇਕ ਦੂਏ ਦੇ ਅੱਗੇ ਹਾਂ।**

ਮਸੀਹੀ ਦੇ ਰੂਪ ਵਿਚ ਚੱਲਣ ਜਾਂ ਰਹਿਣ ਲਈ ਮਸੀਹ ਦੀ ਦੇਹ ਦੇ ਅੰਗ ਦੇ ਰੂਪ ਵਿਚ ਸਹੀ ਢੰਗ ਨਾਲ ਕੰਮ ਕਰਨਾ ਸਿੱਖਣਾ ਸ਼ਾਮਿਲ ਹੈ, ਪਰ ਨਿੱਜੀ ਤਰੱਕੀ ਵੀ ਜ਼ਰੂਰੀ ਹੈ। ਪੌਲੁਸ ਨੇ ਇਸ ਪ੍ਰਕਿਰਿਆ ਨੂੰ ਮਨ ਦੇ ਸੁਭਾਅ ਦੇ ਅਨੁਸਾਰ ਨਵਾਂ ਬਣਨਾ ਦੱਸਿਆ ਹੈ। 4:25–32 ਵਿਚ ਉਸ ਨੇ ਸਾਫ਼ ਦੱਸਿਆ ਕਿ ਮਸੀਹ ਵਿਚ ਆਉਣ ਵਾਲਾ ਸ਼ਖ਼ਸ ਕਿਵੇਂ ਹਨੇਰੇ ਤੋਂ ਚਾਨਣ ਵਿਚ, ਪੁਰਾਣੀ ਮਨੁੱਖਤਾਈ ਤੋਂ ਨਵੀਂ ਸਰਿਸ਼ਟੀ ਵਿਚ ਆ ਸਕਦਾ ਹੈ।

**ਆਇਤ 25.** ਇੱਥੇ ਦਿੱਤੀ ਗਈ ਤਾੜਨਾ ਜ਼ਕਰਯਾਹ 8:16 ਦਾ ਮੋਟਾ ਜਿਹਾ ਹਵਾਲਾ ਹੈ। ਇਸ ਗੱਲ ਦੀ ਸ਼ੁਰੂਆਤ ਉਸ ਵਿਹਾਰਕ ਪ੍ਰਾਸੰਗਿਕਤਾ ਨਾਲ ਹੁੰਦੀ ਹੈ ਜਿਸ ਦਾ ਅਰਥ ਨਵੀਂ ਇਨਸਾਨੀਅਤ ਨੂੰ ਪਹਿਨ ਲੈਣਾ, ਖ਼ੁਦਾ ਦੀ ਨਕਲ ਕਰਨਾ ਅਤੇ ਆਪਣੇ ਸੱਦੇ ਜਾਣ ਦੇ ਯੋਗ ਚਾਲ ਚੱਲਣਾ ਹੈ। **ਇਸ ਲਈ** ਪੌਲੁਸ ਦੀ ਹੁਣੇ ਹੁਣੇ ਲਿਖੀ ਗੱਲ ਨੂੰ ਉਹਦੇ ਨਾਲ ਜੋੜ ਦਿੰਦਾ ਹੈ ਜਿਹੜੀ ਉਹ ਨੇ ਅੱਗੇ ਕਹਿਣੀ ਸੀ। ਮਸੀਹੀ ਹੋਣ ਦੇ ਨਾਤੇ ਸਾਡੇ ਲਈ ਦੂਜਿਆਂ ਨੂੰ ਸੱਚ ਦੱਸਣਾ ਜ਼ਰੂਰੀ ਹੈ, ਸਿਰਫ਼ ਇਸ ਕਰਕੇ ਨਹੀਂ ਕਿ ਅਸੀਂ ਖ਼ੁਦਾ ਦੇ ਲੋਕ ਹਾਂ, ਬਲਕਿ ਇਸ ਕਰਕੇ ਵੀ ਕਿਉਂਕਿ **ਅਸੀਂ ਇਕ ਦੂਏ ਦੇ ਅੰਗ ਹਾਂ।** ਇਸ ਪੂਰੇ ਖ਼ਤ ਵਿਚ ਪੌਲੁਸ ਨੇ ਵਿਖਾਇਆ ਕਿ ਕਲੀਸੀਆ ਮਸੀਹ ਦੀ ਦੇਹ ਹੈ ਜਿਸ ਦਾ ਸਿਰ ਮਸੀਹ ਹੈ। ਸਰੀਰਕ ਦੇਹ ਦੇ ਅੰਗਾਂ ਵਾਂਗ ਮਸੀਹ ਦੀ ਰੂਹਾਨੀ ਦੇਹ ਦੇ ਅੰਗਾਂ ਨੂੰ ਸਿਰ ਦੀ ਮਰਜ਼ੀ ਨੂੰ ਪੂਰਾ ਕਰਨਾ ਅਤੇ ਇਕ ਦੂਜੇ ਦੀ ਸੇਵਾ ਕਰਨਾ ਜ਼ਰੂਰੀ ਹੈ, ਜਿਵੇਂ ਦੇਹ ਨੂੰ **ਸੱਚ ਬੋਲ***[ਣਾ]* ਜ਼ਰੂਰੀ ਹੈ। "ਝੂਠ" ਲਈ ਯੂਨਾਨੀ ਨਾਉਂ (*pseudos*) ਹਰ ਤਰ੍ਹਾਂ ਦਾ ਝੂਠ ਹੈ ਜਿਸ ਵਿਚ ਝੂਠ ਬੋਲਣਾ ਇਕ ਮੁੱਖ ਗੱਲ ਹੈ।[16] **ਝੂਠ ਨੂੰ ਤਿਆਗ ਕੇ** ਲਈ ਯੂਨਾਨੀ ਸ਼ਬਦਾਂ ਤੋਂ ਸੰਕੇਤ ਮਿਲਦਾ ਹੈ ਕਿ ਝੂਠ ਨੂੰ ਉਵੇਂ ਹੀ ਛੱਡ ਦੇਣਾ ਜ਼ਰੂਰੀ ਸੀ ਜਿਵੇਂ ਪੁਰਾਣੀ ਮਨੁੱਖਤਾਈ ਨੂੰ ਲਾਹ ਦੇਣਾ।[17] ਇਸ ਵਿਚ ਹਰ ਤਰ੍ਹਾਂ ਦਾ ਭਰਮ, ਅਧੂਰੀ ਸੱਚਾਈ ਨਾਲ ਗੁਮਰਾਹ ਕਰਨ ਦੀ ਇੱਛਾ ਅਤੇ ਤੱਥਾਂ ਨੂੰ ਨਾ ਦੱਸਣਾ ਸ਼ਾਮਿਲ ਸੀ। ਜਿਨ੍ਹਾਂ ਦੀ ਪੂਰੀ ਸੱਚਾਈ ਲਈ ਲੋੜ ਸੀ। ਇਸ ਵਾਕਅੰਸ਼ ਨਾਲ ਪੌਲੁਸ ਨੇ ਸਚ ਬੋਲਣ ਦੀ ਲੋੜ ਨਾਲ ਸ਼ੁਰੂਆਤ ਕਰਦਿਆਂ ਨਵੀਂ ਇਨਸਾਨੀਅਤ ਦੇ ਇਖ਼ਲਾਕੀ ਵਿਹਾਰ ਦੀ ਵਿਹਾਰਕ ਅਤੇ ਸਪਸ਼ੱਟ ਚਰਚਾ ਸ਼ੁਰੂ ਕੀਤੀ। ਇਸ ਦੇ ਉਲਟ ਕਰਨ ਦਾ ਮਤਲਬ ਆਪਣੇ ਭਾਈਆਂ ਅਤੇ ਭੈਣਾ ਨਾਲ ਬਦਸਲੂਕੀ ਕਰਕੇ ਪੁਰਾਣੀ ਜ਼ਿੰਦਗੀ ਵਿਚ ਮੁੜ ਜਾਣਾ ਹੈ।

## ‘‘ਗੁੱਸੇ ਤੋਂ ਕਾਬੂ ਵਿਚ ਮੁੜ ਆਓ’’ (4:26, 27)

**[26]ਤੁਸੀਂ ਗੁੱਸੇ ਤਾਂ ਹੋਵੋ ਪਰ ਪਾਪ ਨਾ ਕਰੋ, ਸੂਰਜ ਤੁਹਾਡੇ ਕ੍ਰੋਧ ਉੱਤੇ ਨਾ ਡੁੱਬ ਜਾਵੇ! [27]ਅਤੇ ਨਾ ਸ਼ੈਤਾਨ ਨੂੰ ਥਾਂ ਦਿਓ!**

**ਆਇਤ 26.** ਪੌਲੁਸ ਨੇ ਆਪਣੀ ਗੱਲ ਕਹਿਣ ਲਈ ਪੁਰਾਣੇ ਨੇਮ ਦੇ ਹਵਾਲੇ, ਜ਼ਬੂਰ 4:4 ਵਿੱਚੋਂ ਦੋਹਰਾਇਆ: **ਤੁਸੀਂ ਗੁੱਸੇ ਤਾਂ ਹੋਵੋ ਪਰ ਪਾਪ ਨਾ ਕਰੋ।** ਪੌਲੁਸ ‘‘ਗੁੱਸਾ ਕਰਨ’’ ਦੀ ਇਜਾਜ਼ਤ ਨਹੀਂ ਦੇ ਰਿਹਾ ਸੀ, ਪਰ ਉਸ ਨੇ ਇਸ ਗੱਲ ਨੂੰ ਸਮਝਿਆ ਕਿ ਗੁੱਸਾ ਆਉਣਾ ਸੁਭਾਵਕ ਹੈ। ਆਇਤਾਂ 26 ਅਤੇ 27 ਦੀਆਂ ਤਾੜਨਾਵਾਂ ਗੁੱਸੇ ਵਿਚ ਆਉਣ ਦੇ ਖ਼ਤਰੇ ਨੂੰ ਵਿਖਾਉਂਦੀਆਂ ਹਨ। ਆਇਤਾਂ 26 ਅਤੇ 31 ਵਿਚ ਪੌਲੁਸ ਨੇ ‘‘ਗੁੱਸੇ’’ ਜਾਂ ‘‘ਕ੍ਰੋਧ’’ ਸ਼ਬਦ ਦੀ ਵਰਤੋਂ ਕੀਤੀ−(*orgizō*; 4:26) ਅਤੇ (*orgē*; 4:31)। ਸੰਦਰਭ ਤੋਂ ਫੈਸਲਾ ਕਰਨ ਤੇ *orgizō* ਕਾਬੂ ਵਿਚ ਗੁੱਸਾ ਹੈ ਜਦਕਿ *orgē* ਪੂਰੀ ਤਰ੍ਹਾਂ ਨਾਲ ਖੁੱਲੀ ਛੋਟ ਦਿੱਤਾ ਹੋਇਆ ਕ੍ਰੋਧ ਜਾਂ ਨਫ਼ਰਤ ਹੈ ਜਿਹੜਾ ਬੇਕਾਬੂ ਹੋ ਸਕਦਾ ਹੈ। ਧਰਮੀ ਗੁੱਸਾ ਵੀ ਹੈ ਕਿਉਂ ਜੋ ਖ਼ੁਦਾ ਆਪਣਾ ਗੁੱਸਾ *orge* ਕੁਧਰਮ ਅਤੇ ਬੇਦੀਨੀ ਤੇ ਡੋਲ੍ਹਦਾ ਹੈ (ਰੋਮੀਆਂ 1:18)। ਆਪਣੇ ਖ਼ੁਦਾ ਹੋਣ ਦਾ ਸਬੂਤ ਬਹੁਤਾਇਤ ਨਾਲ ਦਿੱਤੇ ਜਾਣ ਦੇ ਬਾਵਜੂਦ ਉਸ ਉੱਤੇ ਯਕੀਨ ਨਾ ਕਰਨ ਦੀ ਲੋਕਾਂ ਦੀ ਇੱਛਾ ਨਾਲ ਮਸੀਹ ਗੁੱਸੇ *orgē* ਹੋਇਆ ਸੀ (ਮਰਕੁਸ 3:5), ਪਰ ਉਸ ਨੇ ਆਪਣੇ ਗੁੱਸੇ ਨੂੰ ਸਿਰਫ਼ ਧਰਮੀ ਢੰਗ ਨਾਲ ਵਿਖਾਇਆ।

ਹਰ ਤਰ੍ਹਾਂ ਦਾ ਗੁੱਸਾ ਗਲਤ ਨਹੀਂ ਹੈ, ਪਰ ਗੁੱਸਾ ਖ਼ਤਰਨਾਕ ਹੋ ਸਕਦਾ ਹੈ। ਜਦ ਅਸੀਂ ਗੁੱਸੇ ਵਿਚ ਹੁੰਦੇ ਹਾਂ ਤਾਂ ਅਸੀਂ ਪਾਪ ਭਰੀਆਂ ਗੱਲਾਂ ਕਰ ਜਾਂ ਕਹਿ ਸਕਦੇ ਹਾਂ। ਪੌਲੁਸ ਨੇ ਕਿਹਾ, ‘‘ਗੁੱਸੇ ਤਾਂ ਹੋਵੋ ਪਰ ਪਾਪ ਨਾ ਕਰੋ’’ ਇਸ ਤੋਂ ਇਲਾਵਾ ਇਹ ਕਹਿੰਦਿਆਂ ਕਿ **ਸੂਰਜ ਤੁਹਾਡੇ ਕ੍ਰੋਧ ਉੱਤੇ ਨਾ ਡੁੱਬ ਜਾਵੇ।** ਪੌਲੁਸ ਨੇ ਗੁੱਸੇ ਦੀ ਇੱਕ ਹੱਦ ਤਕ ਮਨਾਹੀ ਕੀਤੀ। ਇਸ ਵਾਕਅੰਸ਼ ਵਿਚ ‘‘ਕ੍ਰੋਧ’’ (*parorgismos*) ਲਈ ਫ਼ਰਕ ਸ਼ਬਦ ਹੈ ਅਤੇ ਪੌਲੁਸ ਦੀ ਪਹਿਲਾਂ ਕਹੀ ਗਈ ਗੱਲ ਨੂੰ ਫੇਰ ਤੋਂ ਜ਼ੋਰ ਦਿੰਦਾ ਹੈ, ਭਾਵੇਂ ਇਸ ਵਿਚ ਉਦਾਸੀਨ ਸ਼ਕਤੀ ਹੈ ਅਤੇ ਉਸ ਕ੍ਰੋਧ ਦਾ ਸੰਕੇਤ ਦਿੰਦੀ ਹੈ ਜਿਸ ਨੂੰ ਭੜਕਾਇਆ ਗਿਆ ਹੈ।[18] ਗੁੱਸਾ ਸਾਡੀਆਂ ਜ਼ਿੰਦਗੀਆਂ ਵਿਚ ਭੜਕ ਸਕਦਾ ਹੈ, ਪਰ ਸਾਨੂੰ ਖ਼ਬਰਦਾਰ ਰਹਿਣ ਦੀ ਲੋੜ ਹੈ ਕਿ ਗੁੱਸਾ ਹੋਣ ਤੇ ਅਸੀਂ ਕੀ ਕਹਿੰਦੇ ਜਾਂ ਕਰਦੇ ਹਾਂ ਅਤੇ ਫਿਰ ਗੁੱਸੇ ਉੱਤੇ ਕਾਬੂ ਪਾਉਣਾ।

**ਆਇਤ 27. ਅਤੇ ਨਾ ਸ਼ੈਤਾਨ ਨੂੰ ਥਾਂ ਦਿਓ** ਪਹਿਲਾਂ ਹੀ ਕੰਮ ਕਰਨ ਦੀ ਮਨਾਹੀ ਕਰਦਾ ਹੈ। ਪੌਲੁਸ ਕਹਿ ਰਿਹਾ ਸੀ ਕਿ ‘‘ਸ਼ੈਤਾਨ ਨੂੰ ਕੰਮ ਕਰਨ ਦਾ ਮੌਕਾ ਦੇਣਾ ਬੰਦ ਕਰੋ।’’[19] ਗਲਤ ਗੱਲ ਤੇ ਗੁੱਸਾ ਸ਼ੈਤਾਨ ਨੂੰ ਸਾਡੀਆਂ ਜ਼ਿੰਦਗੀ ਵਿਚ ਆਉਣ ਦੀ ਇਜਾਜ਼ਤ ਦਿੰਦਾ ਹੈ ਕਿਉਂ ਕਿ ਇਹ ਪਾਪ ਵੱਲ ਲੈ ਜਾਂਦਾ ਹੈ। ਪੌਲੁਸ ਨੇ ‘‘ਸ਼ੈਤਾਨ’’ ਇਬਲੀਜ਼ (ਪ੍ਰਕਾਸ਼ ਦੀ ਪੋਥੀ 12:9), ਨੂੰ ਬੇਹੱਦ ਅਸਲ ਰੂਹਾਨੀ ਸ਼ਕਤੀ ਦੇ ਰੂਪ ਵਿਚ ਵਿਖਾਇਆ। 2:2 ਵਿਚ ਬੇਸ਼ੱਕ ਨਾਂਅ ਨਹੀਂ ਦਿੱਤਾ ਗਿਆ ਪਰ ‘‘ਹਵਾਈ ਇਖ਼ਤਿਆਰ ਦੇ ਸਰਦਾਰ ਨੂੰ ਅਰਥਾਤ ਉਸ ਨੂੰ ਜਿਹੜੀ ਹੁਣ ਅਣਆਗਿਆਕਾਰੀ ਦੇ ਪੁੱਤਰਾਂ ਵਿਚ ਅਸਰ ਕਰਦੀ ਹੈ’’ ਦੀ ਗੱਲ ਕਰਦਿਆਂ ਉਹ ਸ਼ੈਤਾਨ ਦੀ ਹੀ ਗੱਲ ਕਰ ਰਿਹਾ ਸੀ। ਬਾਅਦ ਵਿਚ ਪੌਲੁਸ ਨੇ ‘‘ਸ਼ੈਤਾਨ ਦੇ ਛੱਲਛਿਦਰਾਂ’’ ਅਤੇ ‘‘ਦੁਸ਼ਟ ਦੇ ਅਗਨਬਾਣਾ’’ ਦੀ ਗੱਲ ਕੀਤੀ ਜਿਨ੍ਹਾਂ ਦਾ ਸਾਹਮਣਾ ਬੁਰਾਈ ਦੇ ਖਿਲਾਫ਼ ਆਪਣੀ ਰੂਹਾਨੀ ਲੜਾਈ ਵਿਚ ਮਸੀਹੀ ਲੋਕਾਂ ਨੂੰ ਕਰਨਾ ਪੈਣਾ ਹੈ (6:10−16)। ਬੇਕਾਬੂ ਗੁੱਸਾ ਸ਼ੈਤਾਨ ਨੂੰ ਮੌਕਾ ਦਿੰਦਾ ਹੈ, ਨਵੀਂ ਇਨਸਾਨੀਅਤ ਵਾਲੇ ਨਵੇਂ ਮਨ ਦੇ ਰੂਪ ਵਿਚ ਰਹਿਣ ਦੇ ਖਿਲਾਫ਼ ਕੰਮ ਕਰਦਾ ਹੈ ਅਤੇ ਯੋਗ ਚਾਲ ਚੱਲਣ ਦਾ ਵਿਰੋਧ ਕਰਦਾ ਹੈ।

## ਚੋਰੀ ਕਰਨ ਤੋਂ ਕੰਮ ਕਰਨ ਵੱਲ ਮੁੜ ਆਓ (4:28)

**28ਚੋਰੀ ਕਰਨ ਵਾਲਾ ਅਗਾਹਾਂ ਨੂੰ ਚੋਰੀ ਨਾ ਕਰੇ। ਸਗੋਂ ਆਪਣੇ ਹੱਥੀਂ ਮਿਹਨਤ ਕਰ ਕੇ ਭਲਾ ਕੰਮ ਕਰੇ ਭਈ ਜਿਹ ਨੂੰ ਲੋੜ ਹੈ ਉਹ ਨੂੰ ਵੰਡ ਦੇਣ ਲਈ ਕੁਝ ਉਹ ਦੇ ਕੋਲ ਹੋਵੇ।**

**ਆਇਤ 28.** ਫਿਰ ਪੌਲੁਸ ਨੇ ਚੋਰੀ ਦੀ ਗੱਲ ਕੀਤੀ: **ਚੋਰੀ ਕਰਨ ਵਾਲਾ ਅਗਾਹਾਂ ਨੂੰ ਚੋਰੀ ਨਾ ਕਰੇ।** ਸ਼ਰ੍ਹਾ ਵਿਚ ਚੋਰੀ ਕਰਨ ਦੀ ਮਨਾਹੀ ਕੀਤੀ ਗਈ ਸੀ (ਕੂਚ 20:15; ਲੇਵੀਆਂ ਦੀ ਪੋਥੀ 19:11; ਵਿਵਸਥਾਸਾਰ 5:19), ਅਤੇ ਨਵੇਂ ਨੇਮ ਵਿਚ ਵੀ ਇਸ ਮਨਾਹੀ ਨੂੰ ਦੁਹਰਾਇਆ ਗਿਆ ਹੈ (ਮਰਕੁਸ 10:19; ਰੋਮੀਆਂ 13:9)। ਇਸ ਨਿਯਮ ਤੇ ਜ਼ੋਰ ਦਿੱਤੇ ਜਾਣ ਦੀ ਲੋੜ ਅਫ਼ਸੁਸ ਵਿਚ ਪਈ ਹੋਵੇਗੀ ਜਿੱਥੇ ਚੋਰੀ ਕਰਨਾ ਘੱਟੋ ਘੱਟ ਕਬੂਲ ਤਾ ਕੀਤਾ ਜਾਂਦਾ ਸੀ। ਅਜਿਹਾ ਨਹੀਂ ਸੀ ਕਿ ਇਹ ਮਸੀਹੀ ਲੋਕ ਕਿਸੇ ਸਮੇਂ ਚੋਰ ਹੁੰਦੇ ਸਨ, ਪਰ ਕੁਝ ਲੋਕ ਅਜੇ ਵੀ ਚੋਰੀ ਕਰ ਰਹੇ ਸਨ। ਇੱਥੇ ਵਰਤਿਆ ਗਿਆ ਕਿਰਿਆ ਸ਼ਬਦ ਲਗਾਤਾਰ ਜਾਂ ਬਾਰ ਬਾਰ ਕੀਤੇ ਜਾਣ ਵਾਲੇ ਕੰਮ ਦਾ ਸੰਕੇਤ ਦਿੰਦਾ ਹੈ।[20] ਪੌਲੁਸ ਕਹਿ ਰਿਹਾ ਸੀ, ''ਚੋਰੀ ਕਰਨਾ ਬੰਦ ਕਰ ਦਿਓ!''

ਚੋਰੀ ਕਰਨ ਦੀ ਦਵਾਈ ਸਖ਼ਤ ਮੇਹਨਤ ਕਰਨਾ–**ਸਗੋਂ ਆਪਣੇ ਹੱਥੀਂ ਮਿਹਨਤ ਕਰ ਕੇ ਭਲਾ ਕੰਮ ਕਰੇ।** ਆਦਮ ਨੂੰ ਪਾਪ ਵਿਚ ਡਿੱਗਣ ਤੋਂ ਪਹਿਲਾਂ ਬਾਗ ਏ ਅਦਨ ਵਿਚ ਰੱਖੇ ਜਾਣ ਵੇਲੇ ਜ਼ਿੰਮਾ ਦਿੱਤਾ ਗਿਆ ਸੀ ਕਿ ਉਹ ''ਉਸ ਦੀ ਵਾਹੀ ਤੇ ਰਾਖੀ ਕਰੇ'' (ਉਤਪਤ 2:15)। ਡਿੱਗਣ ਦੇ ਬਾਅਦ ਆਦਮ ਨੇ ਕੰਮ ਕਰਨਾ ਜਾਰੀ ਰੱਖਿਆ ਸੀ, ਬੇਸ਼ੱਕ ਹੁਣ ਉਸ ਦਾ ਕੰਮ ਬਹੁਤ ਵੱਧ ਮੁਸ਼ਕਿਲ ਹੋ ਗਿਆ ਸੀ (ਉਤਪਤ 3:17–19)। ਕੰਮ ਸ਼ਰ੍ਹਾ ਦੇ ਦਸ ਹੁਕਮਾਂ ਵਿਚ ਦਿੱਤਾ ਗਿਆ ਸੀ ਜਿਸ ਵਿਚ ਖ਼ੁਦਾ ਨੇ ਆਖਿਆ ਸੀ, ''ਛੇ ਦਿਨ ਤੂੰ ਮੇਹਨਤ ਕਰ ਅਤੇ ਆਪਣਾ ਸਾਰਾ ਕੰਮ ਧੰਦਾ ਕਰ'' (ਕੂਚ 20:9)। ਨਵੇਂ ਨੇਮ ਵਿਚ ਇਸ ਨਿਯਮ ਨੂੰ ਸਮਝਿਆ ਗਿਆ ਅਤੇ ਯਿਸੂ ਉੱਤੇ ਸਤਵੇਂ ਦਿਨ ''ਕੰਮ ਕਰਕੇ'' ਸਬਤ ਨੂੰ ਤੋੜਨ ਦਾ ਇਲਜ਼ਾਮ ਲਾਇਆ ਗਿਆ ਸੀ (ਵੇਖੋ ਮਰਕੁਸ 2:23–28; 3:1–6)। ਪੌਲੁਸ ਆਮ ਤੌਰ ਤੇ ਤੰਬੂ ਬਣਾਉਣ ਦਾ ਆਪਣਾ ਕਿੱਤਾ ਕਰਕੇ ਆਪਣੀ ਰੋਜ਼ੀ ਕਮਾਉਂਦਾ ਸੀ (ਰਸੂਲਾਂ ਦੇ ਕੰਮ 18:3)। ਉਹ ਨਾ ਸਿਰਫ਼ ਆਪ ਕੰਮ ਕਰਦਾ ਸੀ ਬਲਕਿ ਉਸ ਨੇ ਇਹ ਕਹਿ ਕਿ ''ਜੇ ਕੋਈ ਕੰਮ ਧੰਦਾ ਕਰਨੋਂ ਨਕ ਵੱਟਦਾ ਹੈ ਤਾਂ ਰੋਟੀ ਵੀ ਨਾ ਖਾਵੇ'' (2 ਥੱਸਲੁਨੀਕੀਆਂ 3:10; ਵੇਖੋ 1 ਕੁਰਿੰਥੀਆਂ 4:12; 1 ਥੱਸਲੁਨੀਕੀਆਂ 4:11, 12), ਦੂਜਿਆਂ ਨੂੰ ਕੰਮ ਕਰਨ ਲਈ ਪ੍ਰੇਰਣਾ ਦਿੱਤੀ।

ਕੰਮ ਕਰਨ ਲਈ ਪੌਲੁਸ ਦੀ ਪ੍ਰੇਰਣਾ ਦੋਹਰੀ ਸੀ। (1) ਕੰਮ ਫ਼ਾਇਦੇਮੰਦ ਹੈ। ਆਦਮੀ ਲਈ ਉਹ ਕਰਨਾ ਜੋ ਚੰਗਾ ਹੋਵੇ ਰਚਨਾਤਮਕ ਹੈ ਤਾਂ ਜੋ ਉਹ ਆਪਣੀਆਂ ਲੋੜਾਂ ਨੂੰ ਪੂਰਾ ਕਰ ਲਵੇ। ਸਮਾਜ ਲਈ ਕੰਮ ਲਾਹੇਵੰਦ ਹੈ, ਕਿਉਂ ਜੋ ਇਸ ਨਾਲ ਚੀਜ਼ਾਂ ਅਤੇ ਸੇਵਾਵਾਂ ਮਿਲਦੀਆਂ ਹਨ। ਜਦ ਲੋਕ ਮਸਰੂਫ਼ ਅਤੇ ਪੈਦਾਵਾਰ ਕਰਨ ਵਾਲੇ ਹੁੰਦੇ ਹਨ ਤਾਂ ਉਹ ਖੁਸ਼ ਰਹਿੰਦੇ ਹਨ। ਕੰਮ ਨਾਲ ਲੋਕਾਂ ਨੂੰ ਇੱਜ਼ਤ ਵੀ ਮਿਲਦੀ ਹੈ। (2) ਕੰਮ ਨਾਲ **ਜਿਹਨੂੰ ਲੋੜ ਹੈ ਉਹ ਨੂੰ ਵੰਡ ਦੇਣ ਲਈ** ਮਿਲ ਜਾਂਦਾ ਹੈ। ਪਹਿਲੀ ਸਦੀ ਦੀ ਕਲੀਸੀਆ ਵਿਚ ਇਵੇਂ ਕੀਤਾ ਜਾਂਦਾ ਸੀ। ਉਦਾਹਰਣ ਲਈ ਯਰੂਸ਼ਲਮ ਦੀ ਕਲੀਸੀਆ ਦੇ ਲੋਕ ਇਕ ਦੂਜੇ ਨਾਲ ਵੰਡਦੇ ਸਨ ਤਾਂ ਜੋ ਉਨ੍ਹਾਂ ਵਿਚ ਕਿਸੇ ਗਰਜ਼ਮੰਦ ਦੀ ਲੋੜ ਪੂਰੀ ਹੋ ਜਾਵੇ (ਰਸੂਲਾਂ ਦੇ ਕੰਮ 2:45; 4:34)। ਯਹੂਦੀਆ ਵਿਚ ਅਕਾਲ ਪੈਣ ਤੇ ਯੂਰੋਪ ਅਤੇ ਏਸ਼ੀਆ ਮਾਈਨਰ ਦੀਆਂ ਕਲੀਸੀਆਵਾਂ ਨੇ ਆਪਣੇ ਲੋੜਵੰਦ ਭਾਈਆਂ ਲਈ ਰਾਹਤ ਸਮੱਗਰੀ ਭੇਜੀ ਸੀ (ਰਸੂਲਾਂ ਦੇ ਕੰਮ 11:29, 30; ਰੋਮੀਆਂ 15:26; 2 ਕੁਰਿੰਥੀਆਂ 8; 9)। ਪੌਲੁਸ ਨੇ ਰੋਮੀਆਂ ਨੂੰ ਸਮਝਾਇਆ ਕਿ ''ਸੰਤਾਂ ਦੀਆਂ ਲੋੜਾਂ ਦੇ ਸਾਂਝੀ ਬਣੋ'' (ਰੋਮੀਆਂ 12:13)।

ਇਸ ਨੈਤਿਕਵਾਕ [4:28] ਨੂੰ ਪੂਰਾ ਲੈਣ ਤੇ ਇਹ ਪੁਰਾਣੀ ਮਨੁੱਖਤਾਈ ਨੂੰ ਲਾਹ ਸੁੱਟਣ ਅਤੇ ਨਵੀਂ ਨੂੰ ਪਹਿਨਣ ਦੇ ਸੱਦੇ ਵਿਚ ਜ਼ਬਦਰਤ ਬਦਲਾਅ ਨੂੰ ਬੜੀ ਖੂਬਸੂਰਤੀ ਨਾਲ ਦੱਸਿਆ ਹੈ। ਚੋਰ ਹੁਣ ਲੋਕਹਤੇਸ਼ੀ ਬਣ ਗਿਆ ਹੈ, ਜਿਸ ਨੇ ਜ਼ਿੰਦਗੀ ਦੇ ਪੁਰਾਣੇ ਢੰਗ ਨੂੰ ਜਿਹੜਾ ਨਜ਼ਾਇਜ਼ ਸੀ, ਛੱਡ ਕੇ ਫ਼ਰਾਕਦਿਲੀ ਨਾਲ ਦੇਣ ਦੇ ਨਵੇਂ ਢੰਗ ਨੂੰ ਅਪਣਾ ਲਿਆ ਹੈ।[21]

## ''ਗੰਦੀਆਂ ਗੱਲਾਂ ਤੋਂ ਤੱਰਕੀ ਵੱਲ ਮੁੜ ਆਓ'' (4:29)

**[29]ਕੋਈ ਗੰਦੀ ਗੱਲ ਤੁਹਾਡੇ ਮੂੰਹੋਂ ਨਾ ਨਿੱਕਲੇ ਸਗੋਂ ਜਿਵੇਂ ਲੋੜ ਪਵੇ ਉਹ ਗੱਲ ਨਿੱਕਲੇ ਜਿਹੜੀ ਹੋਰਨਾਂ ਦੀ ਉੱਨਤੀ ਲਈ ਚੰਗੀ ਹੋਵੇ ਭਈ ਸੁਣਨ ਵਾਲਿਆਂ ਉੱਤੇ ਕਿਰਪਾ ਹੋਵੇ।**

**ਆਇਤ 29.** ਨਵੀਂ ਇਨਸਾਨੀਅਤ ਮਸੀਹੀ ਆਦਮੀ ਦੀ ਬੋਲਚਾਲ ਵਿਚ ਵੀ ਨਜ਼ਰ ਆਉਣੀ ਜ਼ਰੂਰੀ ਹੈ। ਗਲਤ ਗੱਲਾਂ ਨਾਲ ਦੇਹ ਦੀ ਏਕਤਾ ਅਤੇ ਯੋਗ ਚਾਲ ਜਿਸ ਦੀ ਗੱਲ ਇਸ ਅਧਿਆਇ ਵਿਚ ਪੌਲੁਸ ਨੇ ਪਹਿਲਾਂ ਕੀਤੀ ਸੀ, ਵਿਗੜ ਸਕਦੀ ਹੈ। ਪਿਛਲੀਆਂ ਦੋ ਤਾੜਨਾਵਾਂ ਵਿਚ ਪ੍ਰੇਰਣਾ ਭਰੀ ਗੱਲ ਨਾਲ ਪੌਲੁਸ ਨੇ ਪਹਿਲਾਂ ਦੋ ਗੱਲਾਂ ਵੀ ਕੀਤੀਆਂ। ਆਇਤ 29 ਵਿਚ ਉਸੇ ਨਮੂਨੇ ਨੂੰ ਲੈ ਕੇ ਉਸ ਨੇ ਗੰਦੀਆਂ ਗੱਲਾਂ ਦੀ ਮਨਾਹੀ ਕਰਦਿਆਂ ਚੰਗੀਆਂ ਗੱਲਾਂ ਕਰਨ ਲਈ ਹੱਲਾਸ਼ੇਰੀ ਦਿੱਤੀ। ਮਸੀਹੀ ਲੋਕਾਂ ਨੂੰ ਸਿਰਫ਼ ਉਨ੍ਹਾਂ ਹੀ ਸ਼ਬਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਨ੍ਹਾਂ ਨਾਲ ਤਰੱਕੀ ਹੋਵੇ। ਤਾਂ ਜੋ ਪਵਿੱਤਰ ਆਤਮਾ ਉਦਾਸ ਨਾ ਹੋਵੇ (4:30)। **ਗੰਦੀ** ਲਈ ਸ਼ਬਦ (*sapros*) ਦਾ ਮੂਲ ਅਰਥ ਹੈ ''*ਘੱਸੀ ਪੁਰਾਣੀ* ਅਤੇ ਵਰਤੋਂ ਦੇ ਅਯੋਗ, ... *ਬੇਕਾਰ।*''[22] ਇਹ ''ਭਲਾ'' ਦਾ ਉਲਟ ਹੈ ਜੋ ਅਜਿਹੀ ਚੀਜ਼ ਦਾ ਸੁਝਾਅ ਦਿੰਦਾ ਹੈ ਜਿਹੜੀ ''*ਬਿਨਾਂ ਲਾਭ ਦੇ, ਕਿਸੇ ਦੇ ਕਿਸੇ ਕੰਮ ਦੀ ਨਹੀਂ*'' ਹੈ।[23]

ਏਕਤਾ ਨੂੰ ਭੰਗ ਕਰਨ ਵਾਲੀਆਂ ਅਤੇ ਦੂਜਿਆਂ ਵਿਚ ਫੁਟ ਪਾਉਣ ਵਾਲੀਆਂ ਗੱਲਾਂ ਦੀ ਥਾਂ ਅਫ਼ਸੁਸ ਦੇ ਲੋਕਾਂ ਨੂੰ ਅਜਿਹੀਆਂ ਗੱਲਾਂ ਕਰਨ ਦੀ ਪ੍ਰੇਰਣਾ ਦਿੱਤੀ ਗਈ ਜੋ **ਹੋਰਨਾਂ ਦੀ ਉਨਤੀ ਲਈ ਚੰਗੀ ਹੋਵੇ।** ਦੇਹ ਦੇ ਹਰ ਅੰਗ ਲਈ ਕਲੀਸੀਆ ਦੀ ਉਨਤੀ (ਬਣਾਉਣ) ਵਿਚ ਯੋਗਦਾਨ ਦੇਣਾ ਜ਼ਰੂਰੀ ਸੀ (4:12, 16)। ਦੇਹ ਨੂੰ ਬਣਾਉਣ ਦਾ ਇਕ ਤਰੀਕਾ ਅਜਿਹੀਆਂ ਗੱਲਾਂ ਕਰਨਾ ਸੀ ਜਿਨ੍ਹਾਂ ਨਾਲ ਮੈਂਬਰਾਂ ਨੂੰ ਉਹ ਕਰਨ ਲਈ ਦਲੇਰੀ ਮਿਲੇ ਜੋ ਉਨ੍ਹਾਂ ਨੂੰ ਬਣਨਾ ਚਾਹੀਦਾ ਹੈ ਅਤੇ ਉਹ ਕਰਨ ਦੀ ਜਿਵੇਂ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ। ਅਜਿਹੀਆਂ ਗੱਲਾਂ ਨਾਲ **ਸੁਣਨ ਵਾਲਿਆਂ ਉੱਤੇ ਕਿਰਪਾ** ਹੋਵੇਗੀ। ''ਕਿਰਪਾ ਹੋਵੇ'' ਦਾ ਅਰਥ ਫ਼ਜ਼ਲ ਨਾਲ ਭਰੇ ਬੋਲ ਬੋਲਣਾ ਹੈ ਜਿਸ ਨਾਲ ਕਿਸੇ ਦੂਜੇ ਨੂੰ ''ਫ਼ਾਇਦਾ ਮਿਲੇ।''[24] ਯੋਗ ਚਾਲ ਚੱਲਣਾ ਅਤੇ ਨਵੀਂ ਇਨਸਾਨੀਅਤ ਦਾ ਨਵਾਂ ਸੁਭਾਅ, ਜਿਸ ਉੱਤੇ ਪੌਲੁਸ ਨੇ 4:1–32 ਵਿਚ ਧਿਆਨ ਦੁਆਇਆ, ਮਸੀਹੀ ਆਦਮੀ ਦੀਆਂ ਗੱਲਾਂ ਅਤੇ ਕੰਮਾਂ ਨਾਲ ਮਾਣਿਆ ਜਾਣਾ ਹੈ।

## ''ਆਤਮਾ ਨੂੰ ਉਦਾਸ ਕਰਨ ਵਾਲੇ ਤੋਂ ਉਸ ਨੂੰ ਖੁਸ਼ੀ ਦੇਣ ਵਾਲੇ ਬਣ ਜਾਓ'' (4:30)

**[30]ਅਤੇ ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਜਿਹ ਨੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ।**

**ਆਇਤ 30.** ਇਸ ਨਕਾਰਾਤਮਕ ਵਰਤਮਾਨ ਜ਼ਰੂਰੀ ਮੰਨਣਯੋਗ ਸ਼ਬਦ ਦਾ ਅਰਥ ਹੈ, ''ਉਨ੍ਹਾਂ ਗੱਲਾਂ ਨੂੰ ਕਰਕੇ ਜਿਸ ਦੀ ਇਸ ਵਿਚ ਮਨਾਹੀ ਕੀਤੀ ਗਈ ਹੈ ਖ਼ੁਦਾ ਦੇ ਆਤਮਾ ਨੂੰ ਦੁਖੀ ਕਰਨਾ ਬੰਦ ਕਰ ਦਿਓ।'' ਖ਼ੁਦਾ ਦਾ ਵਚਨ ਪਵਿੱਤਰ ਆਤਮਾ ਵੱਲੋਂ ਪ੍ਰੇਰਣਾ ਦਿੱਤੇ ਜਾਣ ਨਾਲ ਪ੍ਰਗਟ ਕੀਤਾ

ਗਿਆ ਹੈ (ਵੇਖੋ 1 ਕੁਰਿੰਥੀਆਂ 2:13; 2 ਤਿਮੋਥਿਉਸ 3:16, 17; 2 ਪਤਰਸ 1:19–21)। ਵਚਨ ਦੀ ਗੱਲ ਨਾ ਸੁਣ ਪਾਉਣ ਦਾ ਮਤਲਬ ਪਵਿੱਤਰ ਆਤਮਾ ਦਾ ਸਾਹਮਣਾ ਕਰਨਾ ਹੈ (ਰਸੂਲਾਂ ਦੇ ਕੰਮ 7:51)। ਪਵਿੱਤਰ ਆਤਮਾ ਦਾ ਸਾਹਮਣਾ ਕਰਨ ਦਾ ਮਤਲਬ **ਪਵਿੱਤਰ ਆਤਮਾ ਨੂੰ ਉਦਾਸ** ਕਰਨਾ ਹੈ। ਪਵਿੱਤਰ ਆਤਮਾ ਨੂੰ ''ਬੁਝਾਉਣਾ'' ਹੈ (ਵੇਖੋ 1 ਥੱਸਲੁਨੀਕੀਆਂ 5:19)। ਆਤਮਾ ਵਿਸ਼ਵਾਸੀਆਂ ਵਿਚ ਏਕਤਾ ਦਾ ਚਾਹਵਾਨ ਹੈ (4:3) ਅਤੇ ਕਲੀਸੀਆ ਦੀ ਏਕਤਾ ਵਿਚ ਰੁਕਾਵਟ ਬਣਨ ਵਾਲੀ ਕੋਈ ਵੀ ਚੀਜ਼ ਜਿਹੜੀ ਇੱਥੇ ਗਲਤ ਬੋਲਚਾਲ ਅਤੇ ਕੰਮ ਹਨ ਆਤਮਾ ਨੂੰ ਉਦਾਸ ਕਰਦੀ ਹੈ। ''ਉਦਾਸ'' (*lupeō*) ਤੋਂ ਭਾਵ ਹੈ ਬੇਹੱਦ ਜਜ਼ਬਾਤੀ ਜਾਂ ਭਾਵਨਾਤਮਕ ਨਿਰਾਸ਼ਾ ਦੇਣਾ ਅਤੇ ਯਸਾਯਾਹ 63:10 ਦਾ ਧਿਆਨ ਦੁਆਉਂਦੀ ਹੈ ਜਿੱਥੇ ਨਬੀ ਨੇ ਇਸਰਾਏਲੀਆਂ ਦੀ ਬਗਾਵਤ ਦੀ ਗੱਲ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਨੇ ''ਉਹ ਦੇ ਪਵਿੱਤਰ ਆਤਮਾ ਨੂੰ ਗਰੰਝ ਕੀਤਾ।''

ਆਤਮਾ ਨੂੰ ਉਦਾਸ ਨਾ ਕਰਨ ਦੇ ਪ੍ਰੇਰਕ ਦੇ ਰੂਪ ਵਿਚ ਪੌਲੁਸ ਨੇ ਜੋੜਿਆ, **ਜਿਹ ਨੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ।** ਪੌਲੁਸ ਨੇ ਪਹਿਲਾਂ ਇਸ ਗੱਲ ਦੀ ਤਸਦੀਕ ਕੀਤੀ ਸੀ ਕਿ ਅਫ਼ਸੀਆਂ ਨੂੰ ਮਸੀਹ ਵਿਚ ਆਉਣ ਵੇਲੇ ਛੁਡਾਇਆ ਗਿਆ ਸੀ (1:7) ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਆਖ਼ਰੀ ਛੁਟਕਾਰੇ ਦੇ ਦਿਨ ਲਈ ਆਤਮਾ ਨਾਲ ਮੋਹਰ ਕੀਤਾ ਗਿਆ ਸੀ (1:13, 14)। ਆਤਮਾ ਦੀ ਮੋਹਰ ਉਸ ਮਿਰਾਸ ਦੀ ਸਾਈ ਸੀ ਜਿਹੜੀ ਯੁੱਗ ਦੇ ਅੰਤ ਅਤੇ ਮਸੀਹ ਦੀ ਆਮਦ ਵੇਲੇ ਦਿੱਤੀ ਜਾਣੀ ਸੀ। ਮਸੀਹੀ ਲੋਕਾਂ ਉੱਤੇ ਮੌਜੂਦਾ ਸਮੇਂ ਤੇ ਖ਼ੁਦਾ ਦੇ ਪਵਿੱਤਰ ਵਿਹਾਰ ਨਾਲ ਮੋਹਰ ਲਾਈ ਗਈ ਸੀ ਅਤੇ ਉਨ੍ਹਾਂ ਨੂੰ ਜਲਾਲੀ ਭਵਿੱਖ ਦਾ ਯਕੀਨ ਦੁਆਇਆ ਗਿਆ ਸੀ। ਪੌਲੁਸ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ਬਪਤਿਸਮੇ ਵੇਲੇ ਆਤਮਾ ਦਾ ਦਿੱਤਾ ਜਾਣਾ (ਵੇਖੋ ਰਸੂਲਾਂ ਦੇ ਕੰਮ 2:38) ਖ਼ੁਦਾ ਨਾਲ ਉਨ੍ਹਾਂ ਦੇ ਅਬਦੀ ਨਿਵਾਸ ਦੇ ਯਕੀਨੀ ਰੂਪ ਵਿਚ ਆਤਮਾ ਦੀ ਮੋਹਰ ਨਾਲ ਚੱਲਿਆ ਸੀ। ਇਸ ਕਰਕੇ ਵਚਨ ਅਤੇ ਕੰਮ ਵਿਚ ਉਨ੍ਹਾਂ ਦੀ ਇਸ ਸਮੇਂ ਦੀ ਜ਼ਿੰਦਗੀ ਨਾਲ ਆਤਮਾ ਨੂੰ ਖੁਸ਼ੀ ਮਿਲਣੀ ਚਾਹੀਦੀ ਹੈ ਨਾ ਕਿ ਉਦਾਸੀ।

## "ਕੁੜੱਤਣ ਤੋਂ ਕਿਰਪਾਵਾਨ ਬਣ ਜਾਓ" (4:31, 32)

**31 ਸਭ ਕੁੜੱਤਣ, ਕ੍ਰੋਧ, ਰੌਲਾ, ਅਤੇ ਦੁਰਵਚਨ ਸਾਰੀ ਬੁਰਿਆਈ ਸਣੇ ਤੁਹਾਥੋਂ ਦੂਰ ਹੋਏ। 32 ਅਤੇ ਤੁਸੀਂ ਇਕ ਦੂਏ ਉੱਤੇ ਕਿਰਪਾਵਾਨ ਅਤੇ ਤਰਸਵਾਨ ਹੋਵੋ ਅਤੇ ਇਕ ਦੂਏ ਨੂੰ ਮਾਫ਼ ਕਰੋ ਜਿਵੇਂ ਪਰਮੇਸ਼ੁਰ ਨੇ ਵੀ ਮਸੀਹ ਵਿਚ ਤੁਹਾਨੂੰ ਮਾਫ਼ ਕੀਤਾ।**

**ਆਇਤਾਂ 31, 32.** ਪੌਲੁਸ ਨੇ ਇਕ ਆਖ਼ਰੀ ਮਨਾਹੀ ਅਤੇ ਤਾੜਨਾ ਨਾਲ 4:1–32 ਵਿਚਲੀ ਚਰਚਾ ਨੂੰ ਖ਼ਤਮ ਕੀਤਾ। ਇਹ ਹਦਾਇਤਾਂ ਨਵੇਂ ਹੋ ਚੁੱਕੇ ਸੁਭਾਅ ਅਤੇ ਨਵੀਂ ਇਨਸਾਨੀਅਤ ਨਾਲ ਮੇਲ ਖਾਂਦੇ ਹਨ। ਛੇ ਖ਼ਾਸ ਬੁਰਾਈਆਂ ਹਨ ਜਿਨ੍ਹਾਂ ਤੋਂ ਬਚਿਆ ਜਾਣਾ ਜ਼ਰੂਰੀ ਹੈ।

1. ਕੁੜੱਤਣ (*pikria*) ''ਬੀਤੇ ਸਮੇਂ ਦੀ ਨਰਾਜ਼ਗੀ ਮਨ ਵਿਚ ਰੱਖਣ ਵਾਲੀ ਸ਼ਖ਼ਤ ਦਿਲੀ ਨੂੰ ਕਿਹਾ ਗਿਆ ਹੈ।''
2. ਕ੍ਰੋਪ (*thumos*) ''ਤੈਸ਼ ਵਿਚ ਆਉਣ ਨੂੰ ਕਿਹਾ ਗਿਆ ਹੈ।''
3. ਕ੍ਰੋਧ (*orgē*) ਆਇਤ 26 ਵਿਚ ਵਰਤਿਆ ਗਿਆ ਸ਼ਬਦ ਹੀ ਹੈ ਜਿਹੜਾ ''ਘੁਣ ਵਾਂਗ ਲੱਗਣ ਵਾਲੀ ਦੁਸ਼ਮਣੀ ਦੀ ਭਾਵਨਾ'' ਦਾ ਸੁਝਾਅ ਦਿੰਦਾ ਹੈ।
4. ਰੌਲਾ (*kraugē*) ਚੀਕਣ ਵਾਂਗ ''ਗੁੱਸੇ ਦਾ ਬਾਹਰੀ ਰੂਪ'' ਹੈ।

5. ਦੁਰਬਚਨ (*blasphēmia*) ਤੋਂ ਭਾਵ ਮੰਦੇ ਬੋਲ ਬੋਲਣਾ ਹੈ।
6. ਬੁਰਿਆਈ (*kakia*) ਵਿਚ ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਲਈ ਕਹੀ ਗਈ ਕੋਈ ਵੀ ਗੱਲ ਜਾਂ ਕੰਮ।[26]

ਇਹ ਬੁਰਾਈਆਂ ਨਵੇਂ ਸੁਭਾਅ ਦੀਆਂ ਨਹੀਂ ਹਨ ਅਤੇ ਜ਼ਰੂਰੀ ਹੈ ਕਿ ਇਹ **ਦੂਰ ਹੋਵੇ**, ਜੋ *airo* ਦਾ ਜ਼ਰੂਰੀ ਮੰਨਣ ਯੋਗ ਰੂਪ ਹੈ ਜੋ ਮੰਗ ਕਰਦਾ ਹੈ ਕਿ ਕਿਸੇ ਕੰਮ ਨੂੰ ਫੌਰੀ ਤੌਰ ਤੇ ਸ਼ੁਰੂ ਕੀਤਾ ਜਾਵੇ। ਇੱਥੇ ਅਫ਼ਸੀਆਂ ਨੂੰ ਫੌਰੀ ਤੌਰ ਤੇ ਉੱਪਰ ਦਸੀਆਂ ਗਈਆਂ ਬੁਰਿਆਈ ਨੂੰ ''ਠੁਕਰਾਉਣਾ, ਹਟਾਉਣਾ ... ਖ਼ਤਮ ਕਰਨਾ ... ਦੂਰ ਕਰਨਾ'' ਸ਼ੁਰੂ ਕਰਨਾ ਜ਼ਰੂਰੀ ਸੀ।[27]

ਦੂਰ ਕੀਤੀਆਂ ਜਾਣ ਵਾਲੀਆਂ ਬੁਰਾਈਆਂ ਦੀ ਥਾਂ ਤੇ ਉਨ੍ਹਾਂ ਦੀਆ ਜ਼ਿੰਦਗੀਆਂ ਵਿਚ ਤਿੰਨ ਖੂਬੀਆਂ ਜੋੜੀਆਂ ਜਾਣੀਆਂ ਜ਼ਰੂਰੀ ਸਨ। ਇਹ ਖੂਬੀਆਂ ਜਿਨ੍ਹਾਂ ਨਾਲ ਸਮਾਜਿਕ ਏਕਤਾ ਬਣਾਉਣ ਵਿਚ ਮਦਦ ਮਿਲਣੀ ਸੀ, ਉਨ੍ਹਾਂ ਬੁਰਾਈਆਂ ਦੇ ਉਲਟ ਸਨ ਜਿਹੜੀਆਂ ਸਮਾਜ ਨੂੰ ਬਰਬਾਦ ਕਰ ਸਕਦੀਆਂ ਸਨ। **ਕਿਰਪਾਵਾਨ** ਮੌਜੂਦਾ ਸਮੇਂ ਵਿਚ ਜ਼ਰੂਰੀ ਮੰਨਣ ਵਾਲੀ ਗੱਲ ਹੈ ਅਤੇ ਇਹ ਚੱਲਦੀ ਰੱਖਣ ਵਾਲੀ ਪ੍ਰਕਿਰਿਆ ਹੈ। ''ਕਿਰਪਾਵਾਨ'' *chrēstos* ਦਾ ਅਨੁਵਾਦ ਹੈ ਅਤੇ ਇਸ ਵਿਚ ''ਨਾਸ਼ੁਕਰਗੁਜ਼ਾਰੀ ਦੇ ਬਾਵਜੂਦ ... ਭਲੇ, ਨਰਮ, ਪਰਉਪਕਾਰੀ ਹੋਣਾ ਸ਼ਾਮਿਲ ਹੈ।''[28] **ਤਰਸਵਾਨ** (*eusplanchnos*) ''ਰਹਿਮ ਦਿਲ'' ਵਾਂਗ ਹੀ ਹੈ।[29] Eusplanchnos ਦਾ ਮੂਲ ਅਰਥ ''ਤੰਦਰੁਸਤ ਆਂਦਰਾਂ'' ਹੈ।[30] Splanchnon ਦਾ ਅਰਥ ਪੇਟ ਦੇ ਅੰਦਰਲੇ ਅੰਗ ਹੈ। ਆਮ ਤੌਰ ਤੇ ਇਸ ਦਾ ਅਨੁਵਾਦ ''ਮਨ'' ਜਾਂ ''ਦਿਲ'' ਕੀਤਾ ਜਾਂਦਾ ਹੈ, ਕਿਉਂ ਜੋ ਮੰਨਿਆ ਜਾਂਦਾ ਸੀ ਕਿ ਭਾਵਨਾਵਾਂ ਪੇਟ ਵਿਚ ਹੁੰਦੀਆਂ ਹਨ।[31] **ਇਕ ਦੂਏ ਨੂੰ ਮਾਫ਼ ਕਰੋ** ਦੀ ਪ੍ਰੇਰਣਾ ਮਸੀਹ ਦੇ ਰਾਹੀਂ ਖ਼ੁਦਾ ਦੇ ਵੱਲੋਂ ਮਿਲੀ ਮਾਫ਼ੀ ਨਾਲ ਮਿਲੀ ਹੈ। ਖ਼ਤ ਦੇ ਪਹਿਲੇ ਭਾਗ ਵਿਚ ਪੌਲੁਸ ਨੇ ਇਸ ਮਾਫ਼ੀ ਤੇ ਜ਼ੋਰ ਦਿੱਤਾ ਹੈ ਜਿਹੜੀ ਅਫ਼ਸੀਆਂ ਨੂੰ ਮਿਲੀ ਸੀ। 4:1–32 ਵਿਚ ਉਸ ਨੇ ਜ਼ੋਰ ਦਿੱਤਾ ਕਿ ਇਸ ਮਾਫ਼ੀ ਨੂੰ ਜਿਹੜੀ ਮਿਲੀ ਹੈ, ਕਲੀਸੀਆ ਦੇ ਸਮਾਜ ਦੇ ਅੰਦਰ ਸਬੰਧਾਂ ਵਿਚ ਮਾਨਿਆ ਜਾਣਾ ਜ਼ਰੂਰੀ ਹੈ (ਵੇਖੋ ਮੱਤੀ 6:14, 15)।

4:17–32 ਦੀਆਂ ਤਾੜਨਾਵਾਂ ਨਾਲ ਪੌਲੁਸ ਨੇ ਅਫ਼ਸੀਆਂ ਦੇ ਨਾਂਅ ਖ਼ਤ ਦੀ ਪ੍ਰਾਸੰਗਿਕਤਾ ਦੇ ਪਹਿਲੇ ਭਾਗ ਨੂੰ ਖ਼ਤਮ ਕੀਤਾ। ਕਲੀਸੀਆ ਦੇ ਲੋਕਾਂ ਲਈ ਇਕ ਰਹਿਮ ਅਤੇ ਨਵੇਂ ਸੁਭਾਅ ਪਾ ਕੇ ਆਪਣੇ ਸੱਦੇ ਜਾਣ ਦੇ ਯੋਗ ਚਾਲ ਚੱਲਣਾ ਜ਼ਰੂਰੀ ਸੀ।

## ਪ੍ਰਾਸੰਗਿਕਤਾ

**ਪਹਿਰਾਵਾ ਪਾਉਣਾ, ਜੀ ਉੱਠਣ ਦੀ ਸ਼ੈਲੀ (4:17-32)**

ਯੂਹੰਨਾ 11 ਅਧਿਆਇ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਯਿਸੂ ਦਾ ਅਜ਼ੀਜ਼ ਦੋਸਤ ਲਾਜ਼ਰ ਮਰ ਗਿਆ ਸੀ। ਯਿਸੂ ਦੇ ਬੈਤਅਨੀਆ ਪਹੁੰਚਣ ਤਕ ਲਾਜ਼ਰ ਨੂੰ ਕਬਰ ਵਿਚ ਰੱਖੇ ਚਾਰ ਦਿਨ ਹੋ ਗਏ ਸਨ। ਜਦ ਯਿਸੂ ਨੇ ਕਬਰ ਦੇ ਅੱਗੋਂ ਪੱਥਰ ਹਟਾਉਣ ਲਈ ਕਿਹਾ ਤਾਂ ਮਾਰਥਾ ਨੇ ਜਵਾਬ ਦਿੱਤਾ, ''ਪ੍ਰਭੂ ਜੀ ਉਸ ਕੋਲੋਂ ਤਾਂ ਹੁਣ ਸੜ੍ਹਿਹਾਨ ਆਉਂਦੀ ਹੈ ਕਿਉਂ ਜੋ ਉਹ ਨੂੰ ਚਾਰ ਦਿਨ ਹੋਏ ਹਨ'' (ਯੂਹੰਨਾ 11:39)। ਯਿਸੂ ਨੇ ਜ਼ਿਦ ਕਰਕੇ ਪੱਥਰ ਨੂੰ ਹਟਵਾ ਦਿੱਤਾ। ਫਿਰ ਉਸ ਨੇ ਉੱਚੀ ਅਵਾਜ਼ ਨਾਲ ਪੁਕਾਰ ਕੇ ਉਸ ਨੂੰ ਸੱਦਿਆ, ''ਲਾਜ਼ਰ, ਬਾਹਰ ਆ'' (ਯੂਹੰਨਾ 11:43)। ਵਚਨ ਸਾਨੂੰ ਦੱਸਦਾ ਹੈ ਕਿ ''ਉਹ ਜਿਹੜਾ ਮੋਇਆ ਹੋਇਆ ਸੀ ਕਫ਼ਨ ਨਾਲ ਹੱਥ ਪੈਰ ਬੱਧੇ ਹੋਏ ਬਾਹਰ ਨਿੱਕਲ ਆਇਆ ਅਰ ਉਹ ਦੇ ਮੂੰਹ ਉੱਤੇ ਰੁਮਾਲ ਵਲ੍ਹੇਟਿਆ ਹੋਇਆ ਸੀ! ਯਿਸੂ ਨੇ ਉਨ੍ਹਾਂ ਨੂੰ ਆਖਿਆ, ਉਹ ਨੂੰ ਖੋਲ੍ਹੋ

ਅਤੇ ਜਾਣ ਦਿਓ'' (ਯੂਹੰਨਾ 11:44)। ਲਾਜ਼ਰ ਹੁਣ ਮੌਤ ਦੇ ਇਖ਼ਤਿਆਰ ਵਿਚ ਨਹੀਂ ਸੀ ਕਿਉਂ ਜੋ ਉਹ ਹੁਣ ਜ਼ਿੰਦਾ ਹੋ ਚੁੱਕਿਆ ਸੀ। ਪਹਿਲਾਂ ਤਾਂ ਉਹਦੇ ਲਈ ਕਬਰ ਦੇ ਕੱਪੜੇ ਲਾਹੁਣਾ ਸੀ ਅਤੇ ਫਿਰ ਉਸ ਸ਼ਖ਼ਸ ਦੇ ਕੱਪੜੇ ਪਾਉਣਾ ਸੀ ਜਿਹੜਾ ਹੁਣ ਬਿਲਕੁਲ ਜ਼ਿੰਦਾ ਸੀ।

ਰੂਪਕ ਵਿਚ, ਜਿਸ ਨੂੰ ਪੌਲੁਸ ਅਫ਼ਸੀਆਂ ਦੇ ਖ਼ਤ ਵਿਚ ਦੱਸ ਰਿਹਾ ਸੀ, ਇਹੀ ਕਿਹਾ ਗਿਆ ਹੈ। ਅਧਿਆਇ 2 ਦੇ ਅਨੁਸਾਰ ਅਫ਼ਸੁਸ ਦੇ ਲੋਕ ਖ਼ੁਦਾ ਦੀ ਨਜ਼ਰ ਵਿਚ ਆਪਣੇ ਪਾਪਾਂ ਵਿਚ ਮਰੇ ਹੋਏ ਸਨ, ਪਰ ਉਨ੍ਹਾਂ ਨੂੰ ਜ਼ਿੰਦਾ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਦਿੱਤੀ ਗਈ ਸੀ। ਕੋਈ ਰੂਹਾਨੀ ਕਬਰ ਦਾ ਕਫ਼ਨ ਲਾਹ ਕੇ ਜੀ ਉੱਠਣ ਦੀ ਸ਼ੈਲੀ ਵਾਲੇ ਕੱਪੜੇ ਕਿਵੇਂ ਪਹਨ ਸਕਦਾ ਹੈ? ਜਿਵੇਂ ਕਿ ਪੌਲੁਸ ਨੇ ਇਸ ਬਾਰੇ ਦੱਸਿਆ ਹੈ, ਉਸ ਨੇ ਇਸ ਨੂੰ ਤਿੰਨ ਹਿੱਸਿਆਂ ਵਿਚ ਦੱਸਿਆ। ਇਸ ਸਬੰਧੀ ਗੱਲ ਕਰਦਿਆਂ ਪੌਲੁਸ ਨੇ ਇਸ ਨੂੰ ਤਿੰਨ ਹਿੱਸਿਆਂ ਵਿਚ ਦੱਸਿਆ।

(1) *ਪੁਰਾਣੀ ਗੰਦਗੀ* (4:17–19)।

> ਉਪਰੰਤ ਮੈਂ ਇਹ ਆਖਦਾ ਹਾਂ ਅਤੇ ਪ੍ਰਭੂ ਵਿਚ ਗਵਾਹ ਹੋ ਕੇ ਤਗੀਦ ਕਰਦਾ ਹਾਂ ਜੋ ਤੁਸੀਂ ਅਗਾਹਾਂ ਨੂੰ ਅਜਿਹੀ ਚਾਲ ਨਾ ਚੱਲੋ ਜਿਵੇਂ ਪਰਾਈਆਂ ਕੌਮਾਂ ਵੀ ਆਪਣੀ ਬੁੱਧ ਦੇ ਵਿਰਥਾਪੁਣੇ ਨਾਲ ਚੱਲਦੀਆਂ ਹਨ। ਉਨ੍ਹਾਂ ਦੀ ਬੁੱਧ ਅਨ੍ਹੇਰੀ ਹੋਈ ਹੋਈ ਹੈ ਅਤੇ ਉਸ ਅਗਿਆਨ ਦੇ ਕਾਰਣ ਜੋ ਉਨ੍ਹਾਂ ਵਿਚ ਹੈ ਅਤੇ ਆਪਣੇ ਮਨ ਦੀ ਕਠੋਰਤਾ ਦੇ ਕਾਰਣ ਓਹ ਪਰਮੇਸ਼ੁਰ ਦੇ ਜੀਵਨ ਤੋਂ ਅੱਡ ਹੋਏ ਹੋਏ ਹਨ। ਉਨ੍ਹਾਂ ਨੇ ਸੁੰਨ ਹੋ ਕੇ ਆਪਣੇ ਆਪ ਨੂੰ ਲੁੱਚਪੁਣੇ ਦੇ ਹੱਥ ਸੌਂਪ ਦਿੱਤਾ ਭਈ ਹਰ ਭਾਂਤ ਦੇ ਗੰਦੇ ਮੰਦੇ ਕੰਮ ਚੌਂਪ ਨਾਲ ਕਰਨ (4:17–19)।

ਪਰਾਈਆਂ ਕੌਮਾਂ ਲਈ ਅਸੀਂ ਅਮਰੀਕੀ, ਜਾਂ ਯੂਰੋਪੀ ਜਾਂ ਕੋਈ ਹੋਰ ਸ਼ਬਦ ਲਾ ਸਕਦੇ ਹਾਂ ਅਤੇ ਮੰਨ ਸਕਦੇ ਹਾਂ ਕਿ ਇਹ ਪੈਰਾ ਪੌਲੁਸ ਵੱਲੋਂ ਅੱਜ ਸਵੇਰੇ ਹੀ ਲਿਖਿਆ ਗਿਆ ਸੀ। ਇਹ ਅੱਜ ਦੇ ਵੱਖੋ ਵੱਖ ਸਮਾਜਾਂ ਦਾ ਸਾਫ਼ ਵੇਰਵਾ ਹੈ।

ਪੌਲੁਸ ਨੇ ਉਨ੍ਹਾਂ ਦੇ ਵਿਚਾਰ ਦੀ ਪ੍ਰਕਿਰਿਆ ਦਾ ਬਿਆਨ ਕੀਤਾ ਜਿਹੜੇ ਯਿਸੂ ਨੂੰ ਨਹੀਂ ਜਾਣਦੇ: ਉਨ੍ਹਾਂ ਦੀ ਸੋਚ ਵਿਰਥਾ ਹੈ, ਅਤੇ ਸੰਮਝਣ ਦੀ ਆਪਣੀ ਬੁੱਧ ਵਿਚ ਉਹ ਹਨਰੇ ਵਿਚ ਹਨ; ਜਿਸ ਕਰਕੇ ਉਹ ਅਗਿਆਨੀ ਹਨ। ਉਨ੍ਹਾਂ ਦੇ ਮਨ ਖਾਲੀ ਹਨ, ਸਮਝ ਹਨੇਰੇ ਅਤੇ ਹਨੇਰ ਨਾਲ ਅਗਿਆਨਤਾ ਨਾਲ ਭਰੇ ਹਨ। ਘਾਲੇ ਮਾਲੇ ਨਾਲ ਭਰੇ ਮੰਨ ਕਰਕੇ ਉਨ੍ਹਾਂ ਦੀ ਜ਼ਿੰਦਗੀ ਵੀ ਘਾਲੇ ਮਾਲੇ ਵਾਲੀ ਹੈ। ਉਹ ਸੁਨ, ਚੌਂਪ ਅਤੇ ਨਾ ਪੂਰੀ ਹੋਈ ਹਵਸ ਬਣ ਗਏ ਹਨ।

4:17–19 ਦਾ ਮੁੱਖ ਸ਼ਬਦ ''ਕਠੋਰਤਾ'' ਹੈ। ਮਨਾਂ ਦੇ ਕਠੋਰ ਹੋਣ ਕਰਕੇ ਉਹ ਅਗਿਆਨਤਾ ਨਾਲ ਭਰ ਗਏ ਹਨ। ਉਹ ਖ਼ੁਦਾ ਦੀਆਂ ਸੱਚਾਈਆਂ ਨੂੰ ਸਿੱਖਣ ਤੋਂ ਇਨਕਾਰ ਕਰਦੇ ਹਨ। ''ਕਠੋਰਤਾ'' ਲਈ ਪੌਲੁਸ ਦੇ ਸ਼ਬਦ ਦਾ ਅਰਥ ਮੂਲ ਵਿਚ ਇਕ ਪੱਥਰ ਸੀ ਜਿਹੜਾ ਸੰਗਮਰਮਰ ਨਾਲੋਂ ਸਖ਼ਤ ਹੁੰਦਾ। ਬਾਅਦ ਵਿਚ ਡਾਕਟਰਾਂ ਵੱਲੋਂ ਆਦਮੀ ਦੇ ਸਰੀਰ ਵਿਚ ਜੰਮੀ ਚੀਜ਼ ਲਈ ਜਿਹੜੀ ਜੋੜਾਂ ਨੂੰ ਮੋੜਨ ਤੋਂ ਰੋਕਦੀ ਹੈ ਇਸ ਨੂੰ ਅਪਣਾ ਲਿਆ ਗਿਆ। ਇਸ ਦੀ ਵਰਤੋਂ ਟੁੱਟੀ ਹੋਈ ਹੱਡੀ ਦੀ ਥਾਂ ਤੇ ਜੁੜਨ ਵਾਲੇ ਗੱਠ ਦੇ ਰੂਪ ਵਿਚ ਵੀ ਕੀਤਾ ਜਾਂਦਾ ਹੈ ਜਿਹੜੀ ਠੀਕ ਹੋ ਗਈ। ਅਖ਼ੀਰ ਵਿਚ ਇਸ ਸ਼ਬਦ ਨੂੰ ਸੰਵੇਦਨਾਂ ਦੀ ਘਾਟ ਵਿਚ ਵੀ ਲਾਗੂ ਕੀਤਾ ਜਾਣ ਲੱਗਾ। ਇਸ ਨੂੰ ਕਿਸੇ ਐਨੀ ਸ਼ਖ਼ਤ ਚੀਜ਼ ਦੇ ਵਰਣਨ ਲਈ ਵਰਤਿਆ ਜਾਣ ਲੱਗਾ ਜਿਹੜੀ ਐਨੀ ਸਖ਼ਤ ਹੋਵੇ ਕਿ ਉਸ ਵਿਚ ਕੋਈ ਅਹਿਸਾਸ ਨਾ ਹੋਵੇ।

ਪੌਲੁਸ ਦੇ ਅਨੁਸਾਰ ਖ਼ੁਦਾ ਤੋਂ ਅੱਡ ਆਦਮੀ ਦੀ ਹਾਲਤ ਇਹੀ ਹੁੰਦੀ ਹੈ। ਪਾਪ ਅਸਲ ਕਦਰਾਂ ਦੇ ਪ੍ਰਤੀ ਅਸੰਵੇਦਨਸ਼ੀਲ ਬਣਾ ਕੇ ਉਸ ਦੇ ਮਨ ਨੂੰ ਕਰੜਾ ਕਰ ਦਿੰਦਾ ਹੈ। ਉਹ ਸੱਚਾਈ ਦੇ ਮਾਨਕ ਨੂੰ ਛੱਡ ਕੇ ਸਹੀ ਅਤੇ ਗਲਤ ਦਾ ਆਪਣਾ ਹੀ ਬਨੌਟੀ ਮਾਨਕ ਬਣਾ ਲੈਂਦਾ ਹੈ। ਨਤੀਜਾ ਗੰਦਗੀ ਦੀ ਇਕ ਅੱਖੜਪਣ ਵਾਲੀ ਜੀਵਨਸ਼ੈਲੀ ਹੁੰਦੀ ਹੈ ਜਿਵੇਂ ਇਹ ਇਕ ਆਮ ਵਿਹਾਰ ਹੋਵੇ। ਸ਼ਰਮ ਗੁਆਚ

ਗਈ ਹੈ, ਭਲਮਾਨਸੀ ਭੁਲਾਈ ਜਾ ਚੁੱਕੀ ਹੈ। ਅਜਿਹੇ ਹਾਲਾਤ ਵਿਚ ਆਦਮੀ ਆਪਣੀਆਂ ਹੀ ਖ਼ਾਹਿਸ਼ਾਂ ਦੇ ਰਹਿਮੋਕਰਮ ਤੇ ਹੁੰਦਾ ਹੈ। ਉਸ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਕਿਸ ਦੀ ਜ਼ਿੰਦਗੀ ਵਿਚ ਪਰੇਸ਼ਾਨੀ ਹੈ ਜਾਂ ਕਿਸ ਦੀ ਮਾਸੂਮੀਅਤ ਨੂੰ ਉਹ ਖ਼ਤਮ ਕਰ ਰਿਹਾ ਹੈ, ਉਸ ਨੂੰ ਤਾਂ ਆਪਣੀ ਹਵਸ ਪੂਰੀ ਕਰਨ ਦੀ ਫ਼ਿਕਰ ਹੁੰਦੀ ਹੈ।

ਯਿਸੂ ਨਾਲ ਮੁਲਾਕਾਤ ਤੋਂ ਪਹਿਲਾਂ ਅਸੀਂ ਉਸ ਪੁਰਾਣੀ ਗੰਦਗੀ ਵਿਚ ਫਸੇ ਹੋਏ ਸਾਂ, ਅਤੇ ਸਾਡੀ ਸੋਚ ਉਲਝਣ ਭਰੀ ਸੀ। ਸਾਡੇ ਵਿੱਚੋਂ ਕੁਝ ਲੋਕ ਝੂਠ ਬੋਲਦੇ ਜਾਂ ਹੇਰਾਫੇਰੀ ਕਰਦੇ ਜਾਂ ਚੋਰੀ ਕਰਦੇ ਸਨ। ਬਹੁਤੇ ਦੋਗਲੇ ਅਤੇ ਫਿਜ਼ੂਲ ਗੱਲਾਂ ਕਰਨ ਵਾਲੇ ਸਨ। ਸ਼ਾਇਦ ਅਸੀਂ ਲੋਕਾਂ ਦਾ ਫ਼ਾਇਦਾ ਚੁੱਕ ਕੇ ਅਤੇ ਕਾਮਯਾਬੀ ਦੀ ਪੌੜੀ ਚੜ੍ਹਨ ਲਈ ਹਰ ਹਰਫਾ ਅਪਣਾਉਂਦੇ ਸਾਂ। ਹੁਣ ਸਭ ਕੁਝ ਬਦਲ ਚੁੱਕਾ ਹੈ।

(2) *ਨਵੀਂ ਸਰਿਸ਼ਟ* (4:20–24)। ਉਸ ਰੂਹਾਨੀ ਨਵੇਪਣ ਨਾਲ ਜਿਹੜਾ ਮਸੀਹ ਵਿਚ ਮਿਲਦਾ ਹੈ ਅਸੀਂ ਮੌਤ ਦੇ ਲਿਬਾਸ ਲਾ ਰਹੇ ਹਾਂ ਅਤੇ ਜੀ ਉੱਠੀ ਜੀਵਨ ਸ਼ੈਲੀ ਦੇ ਲਿਬਾਸ ਪਾ ਰਹੇ ਹਾਂ। ਉਸ ਪ੍ਰਕਿਰਿਆ ਵਿਚ ਲੱਗੇ ਲੋਕਾਂ ਦੀਆਂ ਪਛਾਣ ਦੀਆਂ ਚਾਰ ਖ਼ੂਬੀਆਂ ਹਨ।

ਅਸੀਂ ਖ਼ੁਦਗਰਜ਼ੀ ਤੋਂ ਮਸੀਹ ਤੇ ਕੇਂਦਰਿਤ ਹੋ ਜਾਂਦੇ ਹਾਂ (4:20)। ਮਸੀਹ ਨੂੰ ਜਾਣਨ ਦਾ ਕੀ ਮਤਲਬ ਹੈ? ਇਸ ਦਾ ਮਤਲਬ ਉਸ ਨੂੰ ਅਤੇ ਜੋ ਕੁਝ ਉਹ ਹੈ ਕਬੂਲ ਕਰਨਾ ਹੈ। ਅਸੀਂ ਆਪਣੀਆਂ ਨਿੱਜੀ ਖ਼ਾਹਿਸ਼ਾਂ ਅਤੇ ਲਾਲਸਾਵਾਂ ਦੇ ਮਗਰ ਨਹੀਂ ਭੱਜਦੇ। ਇਸ ਦੇ ਉਲਟ ਹੁਣ ਯਿਸੂ ਨੂੰ ਜਾਣ ਗਏ ਹਾਂ ਕਿ ਉਹ ਕੀ ਚਾਹੁੰਦਾ ਹੈ, ਉਸ ਦੀ ਕੀ ਪਸੰਦ ਹੈ ਅਤੇ ਉਸ ਦੀਆਂ ਕੀ ਇੱਛਾਵਾਂ ਹਨ। ਜ਼ਿੰਦਗੀ ਦਾ ਕੇਂਦਰ ਹੁਣ ਅਸੀਂ ਨਹੀਂ ਬਲਕਿ ਮਸੀਹ ਹੈ।

ਅਸੀਂ ਅਗਿਆਨਤਾ ਦੀ ਥਾਂ ਹੁਣ ਸੱਚਾਈ ਨੂੰ ਵੀ ਦਿੰਦੇ ਹਾਂ (4:21)। ਜੇ ਅਸੀਂ ਯਿਸੂ ਨੂੰ ਜਾਣਦੇ ਹਾਂ ਤਾਂ ਅਸੀਂ ਜਾਣਦੇ ਹਾਂ ਕਿ ਸੱਚ ਕੀ ਹੈ। ਯਿਸੂ ਨੇ ਯਹੂਦੀਆਂ ਨੂੰ ਕਿਹਾ ਸੀ: ''... ਜੇ ਤੁਸੀਂ ਮੇਰੇ ਵਚਨ ਤੇ ਖਲੋਤੇ ਰਹੋ ਤਾਂ ਤੁਸੀਂ ... ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ'' (ਯੂਹੰਨਾ 8:31, 32)। ਸਚਿਆਈ ਗੰਦਗੀ ਤੋਂ ਬਚਨ ਦਾ ਸਾਡਾ ਰਾਹ ਹੈ। ਸਚਿਆਈ ਸਾਨੂੰ ਸੰਸਾਰ ਦੇ ਪ੍ਰਬੰਧ ਨੂੰ ਜਿਵੇਂ ਇਹ ਹੈ ਉਵੇਂ ਵੇਖਣ ਅਤੇ ਸਹੀ ਫੈਸਲਾ ਲੈਣ ਵਿਚ ਮਦਦਗਾਰ ਹੁੰਦੀ ਹੈ। ਯਿਸੂ ਸਚਿਆਈ ਨੂੰ ਅਤੇ ਇਸ ਨੂੰ ਜਾਣਨਾ ਜ਼ਿੰਦਗੀ ਦੇ ਅਡੋਲ, ਨਾ ਬਦਲਣ ਵਾਲੇ ਮਾਨਕ ਨੂੰ ਜਾਣਨਾ ਹੈ।

ਅਸੀਂ ਬੇਸ਼ਰਮੀ ਤੋਂ ਸ਼ੁੱਧਤਾ ਵੱਲ ਆਉਂਦੇ ਹਾਂ (4:22)। ਪਹਿਲਾਂ ਅਸੀਂ ਪਾਪ ਦੇ ਪ੍ਰਤੀ ਅਸੰਵੇਦਨਸ਼ੀਲ ਹੁੰਦੇ ਸਾਂ। ਯਿਸੂ ਵਿਚ ਅਸੀਂ ਪਾਪ ਦੇ ਪ੍ਰਤੀ ਅਤੀ–ਸੰਵੇਦਨਸ਼ੀਲ ਹੋ ਗਏ ਹਾਂ ਅਤੇ ਹਰ ਕੀਮਤ ਤੋਂ ਇਸ ਤੋਂ ਬਚਦੇ ਹਾਂ। ਨਵੀਂ ਸਰਿਸ਼ਟੀ ਬਣਨ ਵਾਲੇ ਲਈ ਸਭ ਤੋਂ ਵੱਡੀ ਚਿੰਤਾ ਜ਼ਿੰਦਗੀ ਦੀ ਸ਼ੁੱਧਤਾ ਜਾਂ ਪਾਕੀਜ਼ਗੀ ਹੈ।

ਪਾਪ ਦੇ ਪ੍ਰਤੀ ਆਪਣੀ ਚੇਤਨਤਾ ਅਤੇ ਸ਼ੁੱਧ ਹੋਣ ਦੀ ਆਪਣੀ ਪ੍ਰੇਰਣਾ ਨੂੰ ਗੁਆਉਣਾ ਸੰਭਵ ਹੈ। ਜੇ ਅਸੀਂ ਉਨ੍ਹਾਂ ਥਾਂਵਾਂ ਤੇ ਜਾਣਾ ਜਾਰੀ ਰੱਖਦੇ ਹਾਂ, ਉਨ੍ਹਾਂ ਲੋਕਾਂ ਨੂੰ ਮਿਲਣਾ ਜਾਰੀ ਰੱਖਦੇ ਹਾਂ ਅਤੇ ਉਨ੍ਹਾਂ ਗਤੀਵਿਧੀਆਂ ਵਿਚ ਲੱਗੇ ਰਹਿੰਦੇ ਹਾਂ ਜਿਹੜੀਆਂ ਯਿਸੂ ਨੂੰ ਜਾਣਨ ਤੋਂ ਪਹਿਲਾਂ ਸਾਡੀ ਜ਼ਿੰਦਗੀ ਦੀ ਪਛਾਣ ਸਨ, ਤਾਂ ਅਸੀਂ ਪਾਪ ਦੇ ਪ੍ਰਤੀ ਆਪਣੀ ਸੰਵੇਦਨਸ਼ੀਲਤਾ ਨੂੰ ਗਵਾ ਬੈਠਾਂਗੇ। ਅਜਿਹਾ ਹੋਣ ਤੇ ਅਸੀਂ ਧਰਮੀ ਹੋਣ ਨੂੰ ਗੁਆ ਬੈਠਾਂਗੇ।

ਖ਼ੁਦਾ ਚਾਹੁੰਦਾ ਹੈ ਕਿ ਅਸੀਂ ਪਾਪ ਤੋਂ ਡਰੀਏ। ਸਾਨੂੰ ਆਪਣੀ ਪੁਰਾਣੀ ਜੀਵਨ ਸ਼ੈਲੀ ਤੇ ਸ਼ਰਮ ਆਉਣੀ ਚਾਹੀਦੀ ਹੈ। ਜੇ ਅਸੀਂ ਆਪਣੇ ਆਪ ਨੂੰ ਉਨ੍ਹਾਂ ਗੱਲਾਂ ਨਾਲ ਜਿਹੜੀਆਂ ਪਾਪ ਨਾਲ ਭਰੀਆਂ ਹਨ ਘੇਰੀ ਰੱਖਦੇ ਹਾਂ ਤਾਂ ਅਸੀਂ ਉਸ ਪ੍ਰੇਰਣਾਦਾਇਕ ਤੱਥ ਨੂੰ ਜਿਹੜਾ ਖ਼ੁਦਾ ਨੇ ਸਾਨੂੰ ਉਹ ਜ਼ਿੰਦਗੀ ਦੇਣ ਵਿਚ ਉਕਸਾਉਣ ਲਈ ਦਿੱਤਾ ਹੈ ਜਿਹਦੇ ਲਈ ਸਾਨੂੰ ਮਸੀਹ ਵਿਚ ਜੀਣ ਵਾਸਤੇ ਸੱਦਿਆ ਗਿਆ ਹੈ, ਗੁਆ ਬੈਠਾਂਗੇ।

ਹੁਣ ਸਾਡੇ ਮਨ ਦੁਰਬਚਨ ਕਰਨ ਵਾਲੇ ਨਹੀਂ ਹਨ; ਇਸ ਦੀ ਥਾਂ ਸਾਡੇ ਮਨ ਨਵੇਂ ਹੋ ਗਏ ਹਨ

(4:23)। ਬਦਲੀ ਹੋਈ ਜ਼ਿੰਦਗੀ ਬਦਲੇ ਹੋਏ ਮਨ ਨਾਲ ਹੀ ਸ਼ੁਰੂ ਹੁੰਦੀ ਹੈ। ਨਵਾਂ ਕੰਮ ਕਰਨ ਲਈ ਸਾਨੂੰ ਪਹਿਲਾਂ ਨਵੀਂ ਸੋਚ ਰੱਖਣੀ ਜ਼ਰੂਰੀ ਹੈ। ਪੌਲੁਸ ਨੇ ਰੋਮੀਆਂ ਨੂੰ ਕਿਹਾ ਸੀ, ''ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ'' (ਰੋਮੀਆਂ 12:2)।

ਅਸੀਂ ਆਪਣੇ ਮਨਾਂ ਨੂੰ ਕਿਵੇਂ ਬਦਲਦੇ ਹਾਂ? ਭਗਤੀ ਭਰੇ ਵਿਚਾਰਾਂ ਉੱਤੇ ਵਿਚਾਰ ਕਰਨਾ ਸ਼ੁਰੂ ਕਰਨ ਦੀ ਯੋਗਤਾ ਗਿਆਨ ਨਾਲ ਹੀ ਆਉਂਦੀ ਹੈ। ਕੁਲੁੱਸੀਆਂ 3:10 ਵਿਚ ਪੌਲੁਸ ਨੇ ਲਿਖਿਆ, ''ਅਤੇ ਨਵੀਂ ਨੂੰ ਪਹਿਨ ਲਿਆ ਜੋ ਪੂਰਨ ਗਿਆਨ ਲਈ ਆਪਣੇ ਕਰਤਾਰ ਦੇ ਸਰੂਪ ਦੇ ਉੱਤੇ ਨਵੀਂ ਬਣਦੀ ਜਾਂਦੀ ਹੈ।'' ਅਸੀਂ ਨਵੇਂ ਜੋਸ਼ ਵਾਲੇ, ਉਤਸ਼ਾਹੀ ਅਤੇ ਫ਼ਲਦਾਇਕ ਮਸੀਹ ਗਿਆਨ ਨਾਲ ਬਣਦੇ ਹਾਂ ਨਾ ਕਿ ਜਜ਼ਬਾਤ ਨਾਲ। ਗਿਆਨ ਖ਼ੁਦਾ ਦੇ ਕਲਾਮ ਤੋਂ ਮਿਲਦਾ ਹੈ। ਆਪਣੇ ਮਨਾਂ ਨੂੰ ਉਸ ਦੇ ਵਚਨ ਨਾਲ ਤ੍ਰਿਪਤ ਕਰਕੇ ਅਸੀਂ ਭਗਤੀ ਭਰੇ ਵਿਚਾਰ ਕਰਨ ਲੱਗ ਪਵਾਂਗੇ। ਇਸ ਨਾਲ ਸਾਡੇ ਜੀਣ ਦਾ ਢੰਗ ਪ੍ਰਭਾਵਿਤ ਹੋਵੇਗਾ। ਅਸੀਂ ''ਨਵੀਂ ਇਨਸਾਨੀਅਤ ਨੂੰ ਪਹਿਨ'' ਲਵਾਂਗੇ ''ਜਿਹੜੀ ਪਰਮੇਸ਼ੁਰ ਦੇ ਅਨੁਸਾਰ ਸਚਿਆਈ ਦੇ ਧਰਮ ਅਤੇ ਪਵਿੱਤਰਤਾਈ ਵਿਚ ਉਤਪਨ ਹੋਈ'' (4:24)।

(3) *ਮੌਜੂਦਾ ਵਿਹਾਰ* (4:25–29)। ਜੇ ਅਸੀਂ ਕਬਰ ਵਾਲੇ ਆਪਣੇ ਰੂਹਾਨੀ ਲਿਬਾਜ਼ ਨੂੰ ਲਾਹੁਣਾ ਚਾਹੁੰਦੇ ਹਾਂ ਅਤੇ ਸੱਚੀ ਧਾਰਮਿਕਤਾ ਅਤੇ ਪਵਿੱਤਰਤਾਈ ਦੇ ਨਵੇਂ ਲਿਬਾਜ਼ ਨੂੰ ਪਾਉਣਾ ਚਾਹੁੰਦੇ ਹਾਂ, ਤਾਂ ਵਿਹਾਰਕ ਤੌਰ ਤੇ ਇਸ ਦਾ ਕੀ ਮਤਲਬ ਹੈ? ਪੌਲੁਸ ਨੇ ਕੁਝ ਉਦਾਹਰਣਾ ਦਿੱਤੀਆਂ ਹਨ ਕਿ ਨਵੇਪਨ ਲਈ ਯਿਸੂ ਵੱਲ ਵੇਖਣ ਤੇ ਸਾਡਾ ਵਿਹਾਰ ਕਿਵੇਂ ਬਦਲ ਜਾਂਦਾ ਹੈ।

ਬੇਈਮਾਨੀ ਦੀ ਥਾਂ ਇਮਾਨਦਾਰੀ ਲੈ ਲੈਂਦੀ ਹੈ (4:25)। ਲੋਕ ਜੋ ਉਹ ਚਾਹੁੰਦੇ ਹਨ ਉਸ ਨੂੰ ਪਾਉਣ ਲਈ ਝੂਠ ਬੋਲਣ ਲਈ ਗੁਮਰਾਹ ਹੁੰਦੇ ਹਨ, ਪਰ ਹੁਣ ਅਸੀਂ ਉਹ ਕੰਮ ਨਹੀਂ ਕਰਾਂਗੇ। ਮਸੀਹੀ ਲੋਕਾਂ ਦੇ ਰੂਪ ਵਿਚ ਝੂਠ ਬੋਲਣ ਦਾ ਸਾਡੀ ਜ਼ਿੰਦਗੀ ਵਿਚ ਕੋਈ ਕੰਮ ਨਹੀਂ ਹੈ। ਪੌਲੁਸ ਦੇ ਕਹਿਣ ਤੋਂ ਭਾਵ ਸੀ ਕਿ ਸੱਚਾਈ ਦੇ ਵਿਗਾੜ, ਵਧਾ ਚੜ੍ਹਾ ਕੇ ਕਹਿਣ, ਕੰਮ ਜਾਂ ਕਰੋਬਾਰ ਵਿਚ ਹੇਰਾਫੇਰੀ, ਵਾਅਦਾ ਨਾ ਨਿਭਾ ਸਕਣਾ, ਬਹਾਨੇ ਬਣਾਉਣਾ ਅਤੇ ਆਪਣੇ ਕੰਮ ਜਾਂ ਉਤਪਾਦਨ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨਾ ਸਭ ਝੂਠ ਵਿਚ ਹੀ ਆਉਂਦਾ ਹੈ।

ਝੂਠ ਨੂੰ ਮਾਰਨ ਦਾ ਤਰੀਕਾ ਸੱਚਾਈ ਦੱਸਣਾ ਹੈ। ਅਸੀਂ ਜਿੱਥੇ ਵੀ ਹਾਂ ਸਾਨੂੰ ਸਚ ਬੋਲਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਸਾਨੂੰ ਸੱਚ ਨੂੰ ਪ੍ਰੇਮ ਨਾਲ ਬੋਲਣਾ ਜ਼ਰੂਰੀ ਹੈ (ਵੇਖੋ 4:15)। ਸਿਰਫ਼ ਐਨਾਂ ਹੀ ਨਹੀਂ ਕਿ ਅਸੀਂ ਕੀ ਬੋਲਦੇ ਹਾਂ ਬਲਕਿ ਇਹ ਵੀ ਜ਼ਰੂਰੀ ਹੈ ਕਿ ਅਸੀਂ ਉਸ ਨੂੰ ਕਿਵੇਂ ਬੋਲਦੇ ਹਾਂ ਜੋ ਕਿ ਨਵੀਂ ਸਰਿਸ਼ਟੀ ਦੇ ਰੂਪ ਵਿਚ ਸਾਡੀ ਪਛਾਣ ਹੈ। ਜੋ ਸੱਚ ਅਸੀਂ ਬੋਲਦੇ ਹਾਂ ਉਸ ਨੂੰ ਸਾਡੇ ਉਨ੍ਹਾਂ ਲੋਕਾਂ ਪ੍ਰਤੀ ਪ੍ਰੇਮ ਨਾਲ ਪ੍ਰੇਰਿਤ ਹੋਣਾ ਜ਼ਰੂਰੀ ਹੈ, ਜਿਨ੍ਹਾਂ ਨਾਲ ਅਸੀਂ ਗੱਲ ਕਰਦੇ ਹਾਂ।

ਇਮਾਨਦਾਰ ਹੋਣ ਦੀ ਸਾਡੀ ਹੋਰ ਪ੍ਰੇਰਣਾ ਕੀ ਹੈ? ''ਕਿਉਂਕਿ ਅਸੀਂ ਇਕ ਦੂਜੇ ਦੇ ਅੰਗ ਹਾਂ।'' ਜੇ ਸਾਡੇ ਦਿਮਾਗ਼ ਸਾਡੇ ਮੂੰਹ ਦੀ ਹਾਲਤ ਬਾਰੇ ਸਾਡੇ ਹੱਥਾਂ ਨਾਲ ਝੂਠ ਬੋਲਣ ਤਾਂ ਸਾਨੂੰ ਕੀ ਮੁਸ਼ਕਿਲ ਆਵੇਗੀ। ਖਾਣਾ ਖਾਣ ਦੀ ਕੋਸ਼ਿਸ਼ ਕਰਨੀ ਤਬਾਹਕੁਨ ਹੋਵੇਗੀ। ਜਦ ਤਕ ਹਰ ਅੰਗ ਇਮਾਨਦਾਰੀ ਨਾਲ ਦੂਜੇ ਅੰਗ ਨਾਲ ਵਿਹਾਰ ਨਹੀਂ ਕਰਦਾ ਤਦ ਤਕ ਸਰੀਰ ਸਹੀ ਢੰਗ ਨਾਲ ਕੰਮ ਨਹੀਂ ਕਰ ਸਕਦਾ।

ਬੇਕਾਬੂ ਜਜ਼ਬਾਤਾਂ ਦੀ ਥਾਂ ਸੰਜਮ ਵਿਚ ਜਜ਼ਬਾਤ ਲੈ ਲੈਂਦੇ ਹਨ (4:26, 27)। ਗੁੱਸਾ ਖ਼ੁਦਾ ਵੱਲੋਂ ਦਿੱਤਾ ਗਿਆ ਜਜ਼ਬਾਤ ਹੈ, ਗੁੱਸਾ ਆਪਣੇ ਆਪ ਵਿਚ ਬੁਰਾ ਨਹੀਂ ਹੈ। ਯਿਸੂ ਨੇ ਵੀ ਕਈ ਮੌਕਿਆਂ ਤੇ ਗੁੱਸਾ ਕੀਤਾ (ਵੇਖੋ ਮਰਕੁਸ 3:5)। ਗੁੱਸਾ ਆਮ ਤੌਰ ਤੇ ਸਾਥੋਂ ਗਲਤ ਕੰਮ ਕਰਵਾ ਦਿੰਦਾ ਹੈ।

ਅਖ਼ਬਾਰ, ਘਰੇਲੂ ਲੜਾਈਆਂ, ਗੋਲੀ ਚੱਲਣ ਅਤੇ ਹੋਰ ਤਰ੍ਹਾਂ ਦੀ ਮਾਰ ਕੁਟ ਦੀਆਂ ਕਹਾਣੀਆਂ ਦੀਆਂ ਖ਼ਬਰਾਂ ਦਿੰਦੇ ਹਨ। ਗੁੱਸਾ ਬੇਕਾਬੂ ਹੋ ਜਾਂਦਾ ਹੈ।

ਪੌਲੁਸ ਨੇ ਕਿਹਾ ਕਿ ਸਾਨੂੰ ਇਸ ਤਰ੍ਹਾਂ ਕੰਮ ਨਹੀਂ ਕਰਨਾ ਚਾਹੀਦਾ। ਗੁੱਸੇ ਵਿਚ ਹੋਣ ਦੇ ਬਾਵਜੂਦ

ਅਸੀਂ ਪਾਪ ਨਾ ਕਰੀਏ। ਸਾਡੇ ਲਈ ਆਪਣੇ ਜਜ਼ਬਾਤਾਂ ਨੂੰ ਵੱਸ ਵਿਚ ਰੱਖਣਾ ਜ਼ਰੂਰੀ ਹੈ। ਜੇ ਕਿਸੇ ਨੇ ਸਾਨੂੰ ਗੁੱਸਾ ਦੁਆਇਆ ਹੈ, ਤਾਂ ਅਸੀਂ ਅੱਜ ਹੀ ਬੜੇ ਸਾਂਤੀ ਭਰੇ ਢੰਗ ਨਾਲ ਉਸ ਨਾ ਨਜੀਠਿਏ। ਅਸੀਂ ਗੁੱਸੇ ਨੂੰ ਰੋਜ਼ ਬਰੋਜ਼ ਜਮਾਂ ਨਹੀਂ ਹੋਣ ਦੇ ਸਕਦੇ। ਜੇ ਅਸੀਂ ਅਜਿਹਾ ਕਰਦੇ ਹਾਂ ਤਾਂ ਅਸੀਂ ਆਪਣੇ ਆਪ ਨੂੰ ਗਲਤ ਢੰਗ ਨਾਲ ਵਿਹਾਰ ਕਰਦੇ ਹੋਏ ਪਾ ਸਕਦੇ ਹਾਂ। ਇਸ ਦੇ ਉਲਟ ਜਦ ਅਸੀਂ ਕਿਸੇ ਦੂਜੇ ਨਾਲ ਪਹਿਲਾਂ ਗੁੱਸੇ ਹੋਈਏ ਤਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਉਸ ਭਾਈ ਜਾਂ ਭੈਣ ਕੋਲ ਜਾ ਕੇ ਪ੍ਰੇਮ ਨਾਲ ਉਸ ਚਿੜ ਦੇ ਕਾਰਣ ਨੂੰ ਸੁਲਝਾਈ। ਜੇ ਅਸੀਂ ਅਜਿਹਾ ਨਹੀਂ ਕਰ ਪਾਉਂਦੇ ਤਾਂ ਅਸੀਂ ਸ਼ੈਤਾਨ ਨੂੰ ਆਪਣੀ ਜ਼ਿੰਦਗੀ ਵਿਚ ਆਉਣ ਦਾ ਮੌਕਾ ਦੇ ਰਹੇ ਹਾਂ। ਸਮਾਂ ਬੀਤਣ ਤੇ ਉਹ ਸਾਡੇ ਗੁੱਸੇ ਦੇ ਰਾਹੀਂ ਸਾਨੂੰ ਬਰਬਾਦ ਕਰ ਸਕਦਾ ਹੈ।

ਚੋਰੀ ਕਰਨ ਦੀ ਥਾਂ ਭਲਾਈ ਲੈ ਸਕਦੀ ਹੈ (4:28)। ਪੌਲੁਸ ਨੇ ਆਮ ਅਰਥ ਵਿਚ ਚੋਰੀ ਕਰਨ ਦੀ ਕੱਲ ਕੀਤੀ, ਪਰ ਅਸੀਂ ਕੁਝ ਖ਼ਾਸ ਗੱਲਾਂ ਦਸ ਸਕਦੇ ਹਾਂ। ਮਸੀਹੀ ਆਦਮੀ ਨੂੰ ਕਾਰ ਜਾਂ ਬਜ਼ਾਰ ਤੋਂ ਅੰਗੂਰਾਂ ਦਾ ਗੁੱਛਾ ਚੋਰੀ ਨਹੀਂ ਕਰਨਾ ਚਾਹੀਦਾ। ਮਸੀਹ ਦੀ ਦੇਹ ਦੇ ਅੰਗ ਹੋਣ ਦੇ ਨਾਤੇ ਸਾਨੂੰ ਹਿਸਾਬ ਕਿਤਾਬ ਵਿਚ ਹੇਰਾਫ਼ੇਰੀ ਨਹੀਂ ਕਰਨੀ ਚਾਹੀਦੀ, ਜਾਂ ਕਰਜ਼ਾ ਮੋੜਨ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ। ਸਾਨੂੰ ਖ਼ਰੀਦਦਾਰੀ ਕਰਨ ਤੇ ਪੈਸੇ ਦੇਣ ਲੱਗਿਆਂ ਦੁਕਾਨਦਾਰ ਵੱਲੋਂ ਵੱਧ ਮੋੜ ਦਿੱਤੇ ਜਾਣ ਤੇ ਗਲਤੀ ਨੂੰ ਸੁਧਾਰਣਾ ਚਾਹੀਦਾ ਹੈ। ਸਵਾਲ ਭਾਵੇਂ ਵੱਡੀ ਚੋਰੀ ਦਾ ਹੋਵੇ ਜਾਂ ਛੋਟੀ ਦਾ, ਪੌਲੁਸ ਨੇ ਜਵਾਬ ਇੱਕੋ ਹੀ ਦਿੱਤਾ ਕਿ ''ਚੋਰੀ ਨਾ ਕਰੋ।''

ਗੰਦੀਆਂ ਗੱਲਾਂ ਦੀ ਥਾਂ ਚੰਗੀਆਂ ਗੱਲਾਂ ਲੈ ਲੈਂਦੀਆਂ ਹਨ (4:29)। ਨਵੀਂ ਸਰਿਸ਼ਟੀ ਦੇ ਰੂਪ ਵਿਚ ਸਾਡੇ ਲਈ ਆਪਣੇ ਬੋਲਚਾਲ ਨੂੰ ਬਦਲਣਾ ਵੀ ਜ਼ਰੂਰੀ ਹੈ। ਦੁਨੀਆਂ ਨੂੰ ਛੇਤੀ ਨਾਲ ਇਹ ਦੱਸਣ ਦਾ ਕਿ ਅਸੀਂ ਉਹ ਪੁਰਾਣੇ ਲੋਕ ਨਹੀਂ ਰਹੇ, ਤਰੀਕਾ ਆਪਣਾ ਮੂੰਹ ਸਾਫ਼ ਕਰ ਲੈਣਾ ਹੈ। ਪੌਲੁਸ ਕਹਿ ਰਿਹਾ ਸੀ, ''ਤੁਹਾਡੇ ਮੂੰਹ ਵਿੱਚੋ ਕੋਈ ਗੰਦੀ [''ਮੂਲ ਵਿਚ''] ਗੱਲ ਨਾ ਨਿੱਕਲੇ।'' ਸਾਨੂੰ ਸਰਾਪ ਦੇਣ ਵਾਲੀਆ ਗੱਲਾਂ, ਗੱਪਾਂ, ਫੜਾਂ ਅਤੇ ਗੰਦੇ ਚੁਟਕਲਿਆਂ ਤੋਂ ਬਚਣਾ ਚਾਹੀਦਾ ਹੈ। ਸਾਨੂੰ ਕਿਸੇ ਵੀ ਨਕਾਰਾਤਮਕ ਢੰਗ ਨੂੰ ਛੱਡ ਦੇਣਾ ਚਾਹੀਦਾ ਹੈ ਜਿਨ੍ਹਾਂ ਨਾਲ ਅਸੀਂ ਆਪਣੇ ਮੂੰਹ ਅਤੇ ਗੱਲਬਾਤ ਦੀ ਵਰਤੋਂ ਕਰਦੇ ਹਾਂ। ਜਿਸ ਨਾਲ ਦੂਜਿਆਂ ਨੂੰ ਦਲੇਰ ਕਰਨ ਅਤੇ ਬਣਾਉਣ ਵਾਲੇ ਸ਼ਬਦ ਭਾਵ ਉਹ ਬੋਲ ਜਿਨ੍ਹਾਂ ਤੋਂ ਮਸੀਹ ਦੀ ਝਲਕ ਮਿਲਦੀ ਹੈ, ਖ਼ਰਾਬ ਹੁੰਦੇ ਹਨ।

*ਸਾਰ*। ਅਫ਼ਸੀਆਂ 4:30 ਕਹਿੰਦਾ ਹੈ, ''ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਜਿਹ ਨੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ।'' ਜਿਸ ਦਿਨ ਖ਼ੁਦਾ ਨੇ ਪਵਿੱਤਰ ਆਤਮਾ ਨਾਲ ਸਾਡੇ ਉਤੇ ਮੋਹਰ ਲਾ ਕੇ ਠੱਪਾ ਲਾ ਦਿੱਤਾ ਸੀ, ਜੋ ਕਹਿੰਦਾ ਹੈ ਕਿ ਅਸੀਂ ਉਸ ਦੇ ਹਾਂ (ਵੇਖੋ 1:13, 14)। ਉਸ ਦੇ ਸਾਡੇ ਅੰਦਰ ਵਾਸ ਕਰਨ ਤੇ ਜਾਂ ਤਾਂ ਅਸੀਂ ਉਸ ਨੂੰ ਖੁਸ਼ ਕਰ ਸਕਦੇ ਹਾਂ ਜਾਂ ਪਰੇਸ਼ਾਨ ਕਰ ਸਕਦੇ ਹਾਂ। ਅਸੀਂ ਇਹ ਕਿਵੇਂ ਯਕੀਨੀ ਬਣਾ ਸਕਦੇ ਹਾਂ ਕਿ ਅਸੀਂ ਉਸ ਨੂੰ ਉਦਾਸ ਨਹੀਂ ਕਰ ਰਹੇ? ''ਸਭ ਕੁੜੱਤਣ, ਕ੍ਰੋਧ, ਰੌਲਾ, ਅਤੇ ਦੁਰਬਚਨ ਸਾਰੀ ਬੁਰਿਆਈ ਸਣੇ ਤੁਹਾਥੋਂ ਦੂਰ ਹੋਵੇ। ਅਤੇ ਤੁਸੀਂ ਇਕ ਦੂਏ ਉੱਤੇ ਕਿਰਪਾਵਾਨ ਅਤੇ ਤਰਸਵਾਨ ਹੋਵੋ ਅਤੇ ਇਕ ਦੂਏ ਨੂੰ ਮਾਫ਼ ਕਰੋ ਜਿਵੇਂ ਪਰਮੇਸ਼ੁਰ ਨੇ ਵੀ ਮਸੀਹ ਵਿਚ ਤੁਹਾਨੂੰ ਮਾਫ਼ ਕੀਤਾ'' (4:31, 32)।

ਜਦ ਅਸੀਂ ਛੁਟਕਾਰਾ ਨਾ ਪਾਏ ਹੋਏ ਲੋਕਾਂ ਦੇ ਵਿਹਾਰਾਂ ਅਤੇ ਕੰਮਾਂ ਵਿਚ ਆਪਣੇ ਆਪ ਨੂੰ ਸਜਾਉਂਦੇ ਹਾਂ ਤਾਂ ਅਸੀਂ ਉਸ ਆਤਮਾ ਨੂੰ ਉਦਾਸ ਕਰਦੇ ਹਾਂ ਜਿਸ ਨੇ ਸਾਨੂੰ ਇਕ ਉੱਚ ਜੀਵਨ ਸ਼ੈਲੀ ਲਈ ਸੱਦਿਆ ਹੈ। ਜਦ ਅਸੀਂ ਰੂਹਾਨੀ ਤੌਰ ਤੇ ਮਰੇ ਹੋਏ ਦੀ ਥਾਂ ਧਾਰਮਿਕਤਾ ਦਾ ਲਿਬਾਸ ਪਾ ਲੈਂਦੇ ਹਾਂ ਤਾਂ ਅਸੀਂ ਸਹੀ ਲਿਬਾਸ ਪਾਇਆ ਹੈ ਜੋ ਜੀ ਉੱਠੀ ਜੀਵਨ ਸ਼ੈਲੀ ਹੈ। ਇਸ ਨਾਲ ਆਤਮਾ ਨੂੰ ਖੁਸ਼ੀ ਮਿਲਦੀ ਹੈ ਜਿਸ ਨੇ ਸਾਨੂੰ ਮਸੀਹ ਵਿਚ ਨਵੀਂ ਜ਼ਿੰਦਗੀ ਦਿੱਤੀ ਹੈ।

ਕ੍ਰਿਸ ਬੁਲਰਡ

ਟਿੱਪਣੀਆਂ

[1]ਐਂਡ੍ਰਿਊ ਟੀ. ਲਿੰਕਨ, ਇਫ਼ੀਸੀਅੰਜ਼, ਵਰਡ ਬਿਬਲੀਕਲ ਕਮੈਂਟਰੀ, ਜਿਲਦ 42 (ਡਲਾਸ: ਵਰਡ ਬੁਕਸ, 1990), 277. [2]ਸਪਾਇਰਸ ਜ਼ੋਡਿਏਟਸ, ਸੰਪਾ., *ਦ ਕੰਪਲੀਟ ਵਰਡ ਸਟੱਡੀ ਨਿਊ ਟੈਸਟਾਮੈਂਟ,* ਜਿਲਦ ਦੂਜੀ (ਚਟਨੂਗਾ, ਟੈਨਿਸੀ: ਏਐਮਜੀ ਪਬਲੀਸ਼ਰਜ਼, 1991), 953–54. [3]*ਦ ਐਕਸਪੋਜ਼ਿਟਰ'ਜ਼ ਗ੍ਰੀਕ ਟੈਸਟਾਮੈਂਟ,* ਸੰਪਾ. ਡਬਲਯੂ. ਰੌਬਰਟਸਨ ਨਿਕੋਲ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1967), 3:340 ਵਿਚ ਐਸ. ਡੀ. ਐਫ਼. ਸੈਲਮੰਡ, ''ਦ ਐਪਿਸਟਲ ਟੂ ਦ ਇਫ਼ੀਸ਼ੀਅੰਸ।'' [4]ਵਾਲਟਰ ਬਾਊਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3ਜੀ, ਸੋਧ ਅਤੇ ਸੰਪਾ. ਫ੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 508. [5]ਕੈਨਥ ਐਸ. ਵੁਏਸਟ, *ਵੁਏਸਟ'ਜ਼ ਵਰਡ ਸਟੱਡੀਜ਼ ਫ਼ਰਾਮ ਦ ਗ੍ਰੀਕ ਨਿਊ ਟੈਸਟਾਮੈਂਟ ਫ਼ਾਰ ਦ ਇੰਗਲਿਸ਼ ਰੀਡਰ: ਇਫ਼ੀਸ਼ੀਅੰਜ਼ ਐਂਡ ਕੋਲੋਸੀਅੰਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1953), 107. [6]ਸੈਲਮੰਡ, 340. [7]ਸੀ. ਜੀ. ਵਿਲਕੇ ਐਂਡ ਵਿਲਬਲਡ ਗ੍ਰਿਮ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ,* ਅਨੁ. ਅਤੇ ਸੋਧ ਜੋਜ਼ਫ਼ ਹੈਨਰੀ ਥੇਅਰ (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1901; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1977), 169, 111. [8]ਲਿੰਕਨ, 280. [9]ਵੁਏਸਟ, 109. [10]ਲਿੰਕਨ, 284.

[11]ਵੁਏਸਟ, 110. [12]ਉਹੀ। [13]ਜ਼ੋਡਿਏਟਸ, 869, 866. [14]ਐਥਲਬਰਟ ਡਬਲਯੂ. ਬੁਲਿੰਗਰ, *ਏ ਕ੍ਰਿਟਿਕਲ ਲੈਕਸੀਕਨ ਐਂਡ ਕੰਕੌਰਡੈਂਸ ਟੁ ਦ ਇੰਗਲਿਸ਼ ਐਂਡ ਗ੍ਰੀਕ ਨਿਊ ਟੈਸਟਾਮੈਂਟ* (ਲੰਦਨ: ਸੈਮੁਏਲ ਬੈਗਸਟਰ ਐਂਡ ਸੰਜ਼, ਮਿਤੀ ਰਹਿਤ; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, ਰੀਜੈਂਸੀ ਰੈਫ਼ਰੈਂਸ ਲਾਇਬ੍ਰੇਰੀ, 1975), 499. [15]ਵੁਏਸਟ, 111. [16]ਸੈਲਮੰਡ, 345. [17]ਵੁਏਸਟ, 112. [18]ਲਿੰਕਨ, 302. [19]ਵੁਏਸਟ, 114–15 ਤੋਂ ਲਿਆ ਗਿਆ. [20]ਜ਼ੋਡਿਏਟਸ, 867.

[21]ਲਿੰਕਨ, 304. [22]ਸੈਲਮੰਡ, 347. [23]ਉਹੀ। [24]ਲਿੰਕਨ, 306. [25]ਬਾਊਰ, 604. [26] ਇਹ ਪਰਭਿਾਸ਼ਾਵਾਂ ਲਿੰਕਨ, 308–9; ਅਤੇ ਵੁਏਸਟ, 117 ਦਿੱਤੀਆਂ ਗਈਆਂ ਹਨ। [27]ਜ਼ੋਡਿਏਟਸ, 882. [28]ਬੁਲਿੰਗਰ, 431. [29]ਵੁਏਸਟ, 117. [30]ਬਾਊਰ, 413. [31]ਉਹੀ, 938.